Hansti Duniya (Punjabi) Vol. 42 No. 04
April 2018

# ਹਸਤੀ ਦੁਨੀਆ



ਹੰਸਤੀ ਦੁਨੀਆ

Vol. 42 • ਅੰਕ :04 • ਅਪ੍ਰੈਲ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org

## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries
Equivalent to U.S. Dollars as mentioned above.


## ਸਭ ਤੋਂ ਪਹਿਲਾਂ

# ਮੁਬਾਰਕਾਂ










## ਸਤੰਭ

| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |

## ਚਿੱਤਰਕਥਾਵਾਂ

| | |
|---|---|
| ਕਿੱਟੀ | 20 |
| ਦਾਦਾ ਜੀ | 46 |






## ਕਹਾਣੀਆਂ


ਇਨਾਮ
– ਡਾ. ਦਰਸ਼ਨ ਸਿੰਘ 'ਆਸ਼ਟ' 6
ਫਕੀਰ ਦੀ ਨਿਰਲੇਪਤਾ
– ਡਾ. ਜਮਨਾਲਾਲ 12
ਅੰਬ ਅਤੇ ਬਾਂਸ
– ਦਿਨੇਸ਼ ਦਰਪਣ 25
ਜਨਮਭੂਮੀ ਨਾਲ ਪਿਆਰ
– ਰਾਧੇਲਾਲ ਨਵਚੱਕਰ 28
ਦਿਆਲੂ ਸ਼ੇਰ ਸਿੰਘ
– ਕਿਸ਼ੋਰ ਡੈਨੀਅਲ 32
ਈਸ਼ਵਰ ਮੇਰੇ ਨਾਲ
– ਜਯੋਂਦਰ 35
ਕੀਮਤੀ ਦਾਣੇ
– ਸ਼ਾਮਸੁੰਦਰ ਗਰਗ 40
ਪੈਰ ਦਾ ਦਰਦ
– ਡਾ. ਬਾਨੋ ਸਰਤਾਜ 43


## ਗੀਤ-ਕਵਿਤਾਵਾਂ


ਆਈ ਵਿਸਾਖੀ
– ਦਰਸ਼ਨ ਸਿੰਘ ਕੰਡਾ 5
ਫੁੱਲਾਂ ਦੀ ਡਾਲੀ
– ਕਮਲ ਸਿੰਘ ਚੌਹਾਨ 11
ਪਾਣੀ
– ਜਗਤਾਰ ਚਮਨ 26
ਕੈਨੇਡਾ ਦੀ ਕੈਨਮੋਰ ਨਗਰੀ...
– ਬਲਵਿੰਦਰ ਬਾਲਮ 29
ਸਿਖਿਆ ਜਿਥੋਂ ਵੀ ਜੋ ...
– ਮਹਿੰਦਰ ਸ਼ੇਖਾਵਤ 31
ਮਿੱਠਾ-ਮਿੱਠਾ ਬੋਲ ਕੇ
– ਭੀਮ ਸੈਨ ਸਿਹਾਲ 34
ਤਿਤਲੀ
– ਪ੍ਰਿਤਪਾਲ ਸਾਦਿਕ 36
ਜੋ ਟਾਈਮ ਦੱਸਦੀ ਹੈ
– ਅਮਨਪ੍ਰੀਤ ਸਿੰਘ 41
ਅੰਬ
– ਭੁਪਿੰਦਰ ਸਿੰਘ ਆਸ਼ਟ 41


## ਵਿਸ਼ੇਸ਼ ਲੇਖ


ਨਵੀਆਂ ਜਮਾਤਾਂ 'ਚ ...
– ਪ੍ਰੋ. ਕੁਲਜੀਤ ਕੌਰ 09
ਇੰਜ ਸ਼ੁਰੂ ਹੋਈ ਸਮੁੰਦਰੀ ਯਾਤਰਾ
– ਡਾ. ਗੁਰਮੀਤ ਸਿੰਘ 14
ਨਿਰੰਕਾਰੀ ਬਾਬਾ ਗੁਰਬਚਨ ਸਿੰਘ ਜੀ
– ਸੁਰਿੰਦਰ ਰੰਧਾਵਾ 18
ਯੂਨੀਵਰਸ ਕੀ ਹੈ?
– ਮਨਮੋਹਨ ਬਾਵਾ 24
ਗੁਰੂ ਗੋਰਖਨਾਥ ਦਾ ਮੰਦਰ
– ਸ਼ਿਵ ਜੁਨੇਜਾ 30
ਵਿਸ਼ਵ ਦੀਆਂ ਘੋੜਸਵਾਰ ਔਰਤਾਂ
– ਅਮਰਜੀਤ ਚੰਦਰ 33
ਕਿਵੇਂ ਹੋਈ ਟੈਲੀਫੋਨ ਦੀ ਖੋਜ?
– ਅਸ਼ੋਕ ਭਾਰਦਵਾਜ 39

# ਮੁਬਾਰਕਾਂ




ਮੁਬਾਰਕਾਂ ! ਮੁਬਾਰਕਾਂ !! ਮੁਬਾਰਕਾਂ !!! ਪਿਆਰੇ ਬੱਚਿਉ, ਅੱਜ ਕਲ ਤਾਂ ਇਹੀ ਸ਼ਬਦ ਤੁਹਾਨੂੰ ਸਾਰੇ ਪਾਸਿਉਂ ਸੁਣਨ ਨੂੰ ਮਿਲ ਰਹੇ ਹੋਣਗੇ। ਮਾਤਾ-ਪਿਤਾ, ਭੈਣ-ਭਰਾ, ਦੋਸਤ-ਮਿੱਤਰ ਅਤੇ ਸਹਿਪਾਠੀ ਸਭ ਨਿਰੰਤਰ ਮੁਬਾਰਕਾਂ ਦੇ ਰਹੇ ਹੋਣਗੇ। ਮਿਲਣੀਆਂ ਵੀ ਚਾਹੀਦੀਆਂ ਹਨ ਕਿਉਂਕਿ ਪੂਰੇ ਸਾਲ ਮਿਹਨਤ ਤੇ ਲਗਨ ਨਾਲ ਕੀਤੀ ਹੋਈ ਪੜ੍ਹਾਈ ਨੂੰ ਸਫਲਤਾ ਹਾਸਿਲ ਹੋਈ ਹੈ। ਜੋ ਟੀਚਾ ਲੈ ਕੇ ਤੁਸੀਂ ਇਕ ਸਾਲ ਪਹਿਲਾਂ ਚਲੇ ਸੀ, ਪਰੀਖਿਆ ਦੇ ਨਤੀਜਿਆਂ ਨੇ ਉਸ ਟੀਚੇ ਨੂੰ ਪੂਰਾ ਕਰਵਾ ਦਿਤਾ ਹੈ ਅਤੇ ਹੁਣ ਨਵੀਆਂ ਕਲਾਸਾਂ, ਨਵੀਆਂ ਕਿਤਾਬਾਂ-ਕਾਪੀਆਂ, ਨਵੇਂ ਕਮਰੇ ਅਤੇ ਨਵੇਂ ਅਧਿਆਪਕ । ਇਹ ਨਵੀਨਤਾ ਤੁਹਾਨੂੰ ਜਿਥੇ ਖੁਸ਼ੀ ਦੇ ਰਹੀ ਹੋਵੇਗੀ, ਉਥੇ ਮਨ ਵਿਚ ਇਹ ਵਿਚਾਰ ਵੀ ਉਠੱ ਰਹੇ ਹੋਣਗੇ ਕਿ ਇਸ ਨਵੇਂ ਵਾਤਾਵਰਣ ਵਿਚ ਖੁਦ ਨੂੰ ਕਿਵੇਂ ਐਡਜੇਸ਼ਟ ਕਰਨਾ ਹੈ। ਘਬਰਾਉਣ ਦੀ ਲੋੜ ਨਹੀਂ, ਹਰ ਸਾਲ ਅਜਿਹਾ ਹੁੰਦਾ ਹੈ ਪਰ ਕੁਝ ਹੀ ਦਿਨਾਂ ਵਿਚ ਸਭ ਕੁਝ ਚੰਗੀ ਤਰ੍ਹਾਂ ਚਲਣ ਲਗਦਾ ਹੈ।

ਪਿਆਰੇ ਬੱਚਿਉ ! ਨਵੀਆਂ ਕਲਾਸਾਂ ਤਾਂ ਮਿਲ ਗਈਆਂ ਪਰ ਆਪਣੇ ਮਨ ਵਿਚ ਇਹ ਵਿਚਾਰ ਜ਼ਰੂਰ ਕਰਨਾ ਹੈ ਕਿ ਪਿਛਲੀ ਕਲਾਸ ਚੋਂ ਪਾਸ ਹੋਣ ਲਈ ਤੁਸੀਂ ਕਿੰਨੇ ਅੰਕ ਹਾਸਿਲ ਕੀਤੇ ਹਨ।ਤੁਹਾਨੂੰ ਕਿਹੜੀ ਡਿਵੀਜ਼ਨ ਮਿਲੀ ਹੈ। ਜੇਕਰ 90 ਫੀਸਦੀ ਤੋਂ ਜ਼ਿਆਦਾ ਅੰਕ ਹਨ ਤਾਂ ਤਸੱਲੀ ਵਾਲੀ ਗੱਲ ਹੈ ਪਰ ਜੇਕਰ ਘੱਟ ਹਨ ਤਾਂ ਇਸ ਸਾਲ ਸ਼ੁਰੂ ਤੋਂ ਹੀ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਵਲ ਧਿਆਨ ਦੇਣ ਦੀ ਲੋੜ ਹੈ। ਕਈ ਵਾਰ ਅਜੇ ਤਾਂ ਨਵੀਂ ਨਵੀਂ ਕਲਾਸ ਹੈ, ਅਜੇ ਤਾਂ ਸ਼ੁਰੂਆਤ ਹੀ ਹੈ ਕਿਹੜੀ ਪੜ੍ਹਾਈ ਹੋਣੀ ਹੈ ਅਜੇ, ਇਹ ਸੋਚ ਕੇ ਅਸੀਂ ਅਣਗਹਿਲੀ ਕਰਨ ਲਗ ਜਾਂਦੇ ਹਾਂ। ਅਜਿਹਾ ਬਿਲਕੁਲ ਨਹੀਂ ਕਰਨਾ। ਸ਼ੁਰੂ ਤੋਂ ਹੀ ਇਸ ਟੀਚੇ ਨੂੰ ਲੈ ਕੇ ਚਲਣਾ ਹੈ ਕਿ ਇਸ ਵਾਰ ਜਿੰਨੇ ਫੀਸਦੀ ਨੰਬਰ ਆਏ ਹਨ ਉਸ ਵਿਚ ਐਨਾ ਵਾਧਾ ਹੋ ਜਾਏ ਕਿ ਅਸੀਂ 90 ਫੀਸਦੀ ਤੋਂ ਵਧ ਨੰਬਰ ਲੈ ਸਕੀਏ ਅਤੇ ਸਾਡੀਆਂ ਖੁਸ਼ੀਆਂ ਦੂਣ ਸਵਾਈਆਂ ਹੋਣ।

ਪਿਆਰੇ ਬੱਚਿਉ ! ਉਂਝ ਵੀ ਅਪ੍ਰੈਲ ਦਾ ਮਹੀਨਾ ਖੁਸ਼ੀਆਂ, ਭੰਗੜੇ ਅਤੇ ਗਿੱਧੇ ਵਾਲਾ ਮਹੀਨਾ ਹੈ। ਇਸ ਮਹੀਨੇ ਵਿਸਾਖੀ ਦਾ ਤਿਉਹਾਰ ਹੁੰਦਾ ਹੈ, ਹਰ ਪਾਸੇ ਢੋਲ-ਢਮੱਕੇ ਦੀ ਤਾਲ ਤੇ ਨੱਚ ਗਾ ਕੇ ਸਾਰੇ ਖੁਸ਼ੀਆਂ ਮਨਾਉਂਦੇ ਹਨ। ਇਸ ਤਿਉਹਾਰ ਨੂੰ ਬੜੇ ਚਾਅ ਅਤੇ ਉਮੰਗ ਨਾਲ ਮਨਾਉਣਾ ਹੈ ਅਤੇ ਅਪਣੀ ਪੜ੍ਹਾਈ ਨੂੰ ਵੀ ਚੰਗੀ ਰਫਤਾਰ ਦੇਣੀ ਹੈ।

ਸੁਲੇਖ 'ਸਾਥੀ'
ssathi_2007@yahoo.com

ਕਵਿਤਾ : ਦਰਸ਼ਨ ਸਿੰਘ ਕੰਡਾ

# ਆਈ ਵਿਸਾਖੀ



ਆਈ ਵਿਸਾਖੀ ਆਈ ਵਿਸਾਖੀ।
ਮੁੱਕ ਗਈ ਫਸਲਾਂ ਦੀ ਰਾਖੀ।
ਮੇਲਾ ਵੇਖਣ ਜਾਵਾਂਗੇ।
ਗਰਮ ਜਲੇਬੀਆਂ ਖਾਵਾਂਗੇ।
ਸੁਹਣੇ ਸੁਹਣੇ ਕਪੜੇ ਪਾ ਕੇ।
ਪੱਗ ਆਪਣੀ ਨੂੰ ਮਾਵਾ ਲਾ ਕੇ।
ਝੂਮ ਕੇ ਨੱਚਾਂ ਗਾਵਾਂਗੇ।
ਭੰਗੜੇ ਵਾਧੂ ਪਾਵਾਂਗੇ।
ਖੇਡਾਂ ਵੀ ਤੇ ਹੋਣਗੀਆਂ।
ਖੂਬ ਧਮਾਲਾਂ ਪਾਉਣਗੀਆਂ।
ਬਲਦ ਵੀ ਦੌੜਾਂ ਲਾਵਣਗੇ।
ਕੁੱਕੜ ਚੁੰਝ ਭਿੜਾਵਣਗੇ।
ਸਰਕਸ ਵੀ ਤੇ ਆਏਗੀ।
ਸਭ ਦਾ ਦਿਲ ਬਹਿਲਾਏਗੀ।
ਜੋਕਰ ਖ਼ੂਬ ਹਸਾਏਗਾ।
ਕਰਤਬ ਬੜੇ ਦਿਖਾਏਗਾ।
ਰੱਬਾ ਮੇਲੇ ਲਗਦੇ ਰਹਿਣ।
ਸਭ ਦੇ ਚੁੱਲ੍ਹੇ ਮਘਦੇ ਰਹਿਣ।
ਸ਼ਾਲਾ ਜੀਵੇ ਦੇਸ਼ ਮੇਰਾ।
ਕਰੇ ਤਰੱਕੀਆਂ ਦੇਸ਼ ਮੇਰਾ।

ਕਹਾਣੀ : ਡਾ. ਦਰਸ਼ਨ ਸਿੰਘ 'ਆਸ਼ਟ

# ਇਨਾਮ

**ਮਨੋਜ** ਪੜ੍ਹਨਾ ਚਾਹੁੰਦਾ ਸੀ ਪਰ ਘਰ ਵਿਚ ਗਰੀਬੀ ਸੀ। ਇਸ ਕਰਕੇ ਮਨੋਜ ਨੂੰ ਪੰਜਵੀਂ ਕਲਾਸ ਵਿਚੋਂ ਹੀ ਪੜ੍ਹਨੋਂ ਹਟਾ ਲਿਆ ਗਿਆ ਸੀ। ਉਹਦੇ ਪਿਤਾ ਜੀ ਭੱਠੇ ਤੇ ਇੱਟਾਂ ਥੱਪਣ ਦਾ ਕੰਮ ਕਰਦੇ ਸਨ। ਮਨੋਜ ਵੀ ਆਪਣੇ ਪਿਤਾ ਨਾਲ ਭੱਠੇ 'ਤੇ ਹੀ ਕੰਮ ਕਰਨ ਲੱਗ ਪਿਆ।

ਮਨੋਜ ਪੰਜ ਭਰਾਵਾਂ 'ਚੋਂ ਸਭ ਤੋਂ ਛੋਟਾ ਸੀ। ਉਹਦੀਆਂ ਦੋ ਵੱਡੀਆਂ ਭੈਣਾਂ ਵੀ ਸਨ। ਸਾਰਾ ਪਰਿਵਾਰ ਹੀ ਭੱਠੇ ਤੇ ਕੰਮ ਕਰਦਾ ਸੀ। ਕੋਈ ਮਿੱਟੀ ਗੁੰਨ੍ਹਦਾ, ਕੋਈ ਰੇਹੜੀ ਤੇ ਕੱਚੀਆਂ ਇੱਟਾਂ ਲੱਦ ਕੇ ਭੱਠੇ ਤਕ ਲਿਜਾਂਦਾ ਤੇ ਕੋਈ ਪੱਕੀਆਂ ਇੱਟਾਂ ਦੀ ਚਿਣਾਈ ਕਰਦਾ।

ਹੁਣ ਭੱਠੇ ਦਾ ਕੰਮ ਬੰਦ ਹੋ ਰਿਹਾ ਸੀ ਕਿਉਂਕਿ ਮੀਂਹ ਕੁਝ ਜ਼ਿਆਦਾ ਹੀ ਪੈਣ ਲਗ ਪਿਆ ਸੀ। ਘਰ ਦੀ ਰੋਜ਼ੀ-ਰੋਟੀ ਚਲਾਉਣ ਲਈ ਮਨੋਜ ਦੇ ਪਿਤਾ ਜੀ ਨੇ ਆਪਣੇ ਤਿੰਨ ਲੜਕਿਆਂ ਨੂੰ ਸ਼ਹਿਰ 'ਚ ਕਿਸੇ ਨਾ ਕਿਸੇ ਕੰਮ 'ਚ ਲਗਾ ਦਿੱਤਾ ਸੀ। ਸ਼ਹਿਰ ਭੱਠੇ ਤੋਂ ਕੋਈ ਜ਼ਿਆਦਾ ਦੂਰ ਨਹੀ ਸੀ।

ਮਨੋਜ ਨੂੰ ਵੀ ਉਸ ਦੇ ਪਿਤਾ ਜੀ ਨੇ ਉਸੇ ਸ਼ਹਿਰ ਵਿਚ ਹੀ ਇਕ ਚਾਹ ਦੀ ਦੁਕਾਨ ਤੇ ਲਗਾ ਦਿੱਤਾ। ਉਹ ਸਵੇਰੇ-ਸਵੇਰੇ ਚਲਾ ਜਾਂਦਾ ਤੇ ਸ਼ਾਮ ਨੂੰ ਆਪਣੇ ਨਿੱਕੇ ਜਿਹੇ ਘਰ ਵੱਲ ਤੇਜ਼-ਤੇਜ਼ ਕਦਮ ਪੁੱਟਦਾ ਹੋਇਆ ਵਾਪਿਸ ਆਉਂਦਾ। ਕਈ ਵਾਰੀ ਉਹ ਕਿਸੇ ਨਾ ਕਿਸੇ ਤੋਂ ਸਕੂਟਰ ਤੇ ਲਿਫ਼ਟ ਲੈ ਲੈਂਦਾ। ਕੁਝ ਹੀ ਦਿਨਾਂ ਵਿਚ ਉਹ ਆਪ ਵੀ ਚਾਹ ਬਣਾਉਣਾ ਸਿਖ ਗਿਆ ਸੀ।

ਧੀਰਜ, ਮਨੋਜ ਤੋਂ ਵੱਡਾ ਸੀ। ਉਹ ਸ਼ਰਾਰਤੀ ਕਿਸਮ ਦਾ ਮੁੰਡਾ ਸੀ। ਕੰਮ ਤੋਂ ਜੀਅ ਚੁਰਾਉਣਾ ਉਸ ਦੀ ਆਦਤ ਸੀ। ਉਸ ਨੂੰ ਫਿਲਮਾਂ ਦੇਖਣ ਦਾ ਬੜਾ ਸ਼ੌਕ ਸੀ। ਭਾਵੇਂ ਉਨ੍ਹਾਂ ਦੇ ਘਰ 'ਚ ਛੋਟਾ ਜਿਹਾ ਟੈਲੀਵੀਜ਼ਨ ਵੀ ਲੱਗਿਆ ਸੀ ਪਰ ਸ਼ਹਿਰ ਜਾ ਕੇ ਸਿਨੇਮਾਘਰ 'ਚ ਫਿਲਮ ਦੇਖਣ ਦਾ ਉਸ ਨੂੰ ਅਲਗ ਹੀ ਆਨੰਦ ਆਉਂਦਾ ਸੀ।

ਕੁਝ ਦਿਨਾਂ ਤੋਂ ਉਹਨਾਂ ਦੇ ਘਰ ਉਨ੍ਹਾਂ ਦੇ ਮਾਮਾ ਜੀ ਦਾ ਲੜਕਾ ਪੰਕਜ ਵੀ ਮਿਲਣ ਵਾਸਤੇ ਆਇਆ ਹੋਇਆ ਸੀ। ਧੀਰਜ ਪੰਕਜ ਨੂੰ ਲੈ ਕੇ ਸ਼ਹਿਰ ਵੱਲ ਨਿਕਲ ਜਾਂਦਾ ਅਤੇ ਫਿਰ ਘੁੰਮ-ਘੁੰਮਾ ਕੇ ਆ ਜਾਂਦਾ।

ਇਕ ਦਿਨ ਧੀਰਜ ਤੇ ਪੰਕਜ ਸ਼ਹਿਰ ਗਏ। ਉਹ ਦੋਵੇਂ ਮਨੋਜ ਦੀ ਚਾਹ ਵਾਲੀ ਦੁਕਾਨ 'ਤੇ ਆ ਗਏ। ਮਨੋਜ ਭਾਂਡੇ ਧੋਣ 'ਚ ਮਗਨ ਸੀ। ਉਸਦਾ ਮਾਲਿਕ





ਕਿਸੇ ਜ਼ਰੂਰੀ ਕੰਮ ਲਈ ਬੈਂਕ ਗਿਆ ਹੋਇਆ ਸੀ ਜੋ ਉਥੋਂ ਕੁਝ ਹੀ ਦੂਰੀ ਤੇ ਸੀ।

ਧੀਰਜ ਦਾ ਮਨ ਸਾਫ਼ ਨਹੀਂ ਸੀ। ਉਹ ਪਹਿਲਾਂ ਵੀ ਕਈ ਵਾਰ ਮਨੋਜ ਕੋਲ ਆਇਆ ਸੀ ਤੇ ਉਸ ਨੂੰ ਚੰਗੇ ਰੁਪਏ ਕਮਾ ਕੇ ਗੱਲੇ 'ਚ ਪਾਉਂਦਿਆਂ ਵੇਖ ਚੁੱਕਿਆ ਸੀ।

ਮਨੋਜ ਧੀਰਜ ਤੇ ਪੰਕਜ ਨੂੰ ਰੇਹੜੀ ਕੋਲ ਬਿਠਾ ਕੇ ਨੇੜੇ ਦੇ ਦਫ਼ਤਰ 'ਚ ਚਾਹ ਫੜਾਉਣ ਗਿਆ। ਪੰਕਜ ਵੀ ਬਾਥਰੂਮ ਚਲਾ ਗਿਆ।

ਧੀਰਜ ਨੇ ਸੋਚਿਆ, ''ਅੱਜ ਜੇਬ ਵੀ ਖਾਲੀ ਏ ਤੇ ਮੌਕਾ ਵੀ ਵਧੀਆ ਹੈ।'' ਉਸ ਨੇ ਗੱਲੇ ਚੋਂ ਸੌ ਦਾ ਇਕ ਨੋਟ ਕੱਢ ਕੇ ਜੇਬ ਵਿਚ ਪਾ ਲਿਆ।

ਮਨੋਜ ਵੀ ਚਾਹ ਦੇ ਕੇ ਵਾਪਿਸ ਆ ਗਿਆ।

ਪੰਕਜ ਵੀ ਵਾਪਿਸ ਆ ਗਿਆ। ਫਿਰ ਥੋੜ੍ਹੀ ਹੀ ਦੇਰ ਬਾਦ ਧੀਰਜ ਅਤੇ ਪੰਕਜ ਉਥੋਂ ਚਲੇ ਗਏ।

ਕੁਝ ਦੇਰ ਬਾਅਦ ਹੀ ਇਕ ਗਾਹਕ ਨੂੰ ਬਕਾਇਆ ਦੇਣ ਲਈ ਜਦੋਂ ਮਨੋਜ ਨੇ ਗੱਲਾ ਖੋਲ੍ਹਿਆ ਤਾਂ ਉਹ ਸੁੰਨ ਹੋ ਗਿਆ। ਸੌ ਸੌ ਦੇ ਦੋਵੇਂ ਨੋਟਾਂ ਚੋਂ ਇਕ ਗਾਇਬ ਸੀ। ਬਾਕੀ ਪੰਜਾਹ-ਪੰਜਾਹ ਰੁਪਇਆਂ ਦੇ ਨੋਟ ਉਥੇ ਹੀ ਪਏ ਸਨ।

''ਇਕ ਨੋਟ ਕਿਥੇ ਗਿਆ?'' ਮਨੋਜ ਚਿੰਤਾ 'ਚ ਪੈ ਗਿਆ। ਉਹ ਸੋਚਣ ਲੱਗਾ, ''ਕਿਤੇ ਅੰਕਲ ਤਾਂ ਨਹੀਂ ਲੈ ਗਏ?''

'ਨਹੀਂ, ਨਹੀਂ, ਮੈਂ ਤਾਂ ਉਨ੍ਹਾਂ ਦੇ ਜਾਣ ਤੋਂ ਬਾਅਦ ਹੀ ਗੱਲੇ 'ਚੋਂ ਕੱਢ ਕੇ ਨੋਟ ਗਿਣੇ ਸਨ।''

''ਇਹ ਸ਼ਰਾਰਤ ਧੀਰਜ ਦੀ ਹੀ ਲਗਦੀ ਹੈ ਕਿਉਂਕਿ ਕਈ ਵਾਰ ਪਹਿਲਾਂ ਵੀ ਉਹਨੇ ਪਿਤਾ ਜੀ ਦੇ ਪੈਸੇ ਚੋਰੀ ਕੀਤੇ ਸਨ।''

ਮਨੋਜ ਦਾ ਮਾਲਕ ਵੀ ਬੈਂਕ ਤੋਂ ਵਾਪਿਸ ਆ ਗਿਆ।

''ਅੰਕਲ ਜੀ, ਮੈਂ ਹੁਣੇ ਆਇਆ।'' ਮਨੋਜ ਨੇ ਕਿਹਾ।

''ਕਿਉਂ ਕੀ ਗੱਲ ਐ? ਕਿੱਥੇ ਜਾ ਰਿਹੈਂ?'' ਅੰਕਲ ਨੇ ਕੁਝ ਹੈਰਾਨੀ ਨਾਲ ਪੁੱਛਿਆ।

''ਬਸ ਅੰਕਲ ਦੋ ਮਿੰਟ....।'' ਇਹ ਕਹਿ ਕੇ ਮਨੋਜ ਉਧਰ ਹੀ ਦੌੜ ਪਿਆ ਜਿਧਰ ਧੀਰਜ ਤੇ ਪੰਕਜ ਗਏ ਸਨ। ਮਨੋਜ ਜਾਣਦਾ ਸੀ ਕਿ ਉਹ ਜ਼ਰੂਰ ਸਿਨੇਮੇ ਵੱਲ ਗਿਆ ਹੋਵੇਗਾ। ਹੁਣ ਤਕ ਧੀਰਜ ਤੇ ਪੰਕਜ ਕੁਝ ਹੀ ਦੂਰ ਪਹੁੰਚੇ ਸਨ ਕਿ ਮਨੋਜ ਉਨ੍ਹਾਂ ਨਾਲ ਜਾ ਮਿਲਿਆ ਤੇ ਧੀਰਜ ਦੀ ਬਾਂਹ ਫੜ ਕੇ ਬੋਲਿਆ, ''ਓਏ ਧੀਰਜ, ਆਪਣੀ ਜ਼ੇਬ ਦਿਖਾ।''

''ਕੀ...ਕੀ...ਕਿਉਂ...ਮੇਰੀ ਜੇਬ 'ਚ ਕੁਝ ਵੀ ਨਹੀਂ।'' ਧੀਰਜ ਦਾ ਰੰਗ ਪੀਲਾ ਪੈ ਗਿਆ। ਪੰਕਜ



ਵੀ ਇਹ ਦ੍ਰਿਸ਼ ਵੇਖ ਕੇ ਹੱਕਾ-ਬੱਕਾ ਰਹਿ ਗਿਆ ਸੀ।

''ਜ਼ਿਆਦਾ ਚਲਾਕ ਨਾ ਬਣ। ਦੱਸ, ਇਹ ਸੌ ਰੁਪਏ ਤੇਰੇ ਕੋਲ ਕਿਥੋਂ ਆਏ?'' ਪੰਕਜ ਨੇ ਧੱਕੇ ਨਾਲ ਧੀਰਜ ਦੀ ਪੈਂਟ ਦੀ ਪਿਛਲੀ ਜੇਬ 'ਚੋਂ ਸੌ ਰੁਪਏ ਦਾ ਨੋਟ ਕੱਢ ਕੇ ਪੁੱਛਿਆ।

''ਇਹ ਤਾਂ...ਇਹ ਤਾਂ...ਇਹ ਤਾਂ ਮੈਨੂੰ ਪਿਤਾ ਜੀ ਨੇ ਕੱਲ ਦਿੱਤੇ ਨੇ।'' ਧੀਰਜ ਨੂੰ ਕੋਈ ਗੱਲ ਨਾ ਔੜੀ। ਇਧਰ-ਉਧਰ ਦੀਆਂ ਮਾਰਨ ਲੱਗਾ।

''ਝੂਠਿਆ, ਘਰ ਆ ਕੇ ਪਿਤਾ ਜੀ ਨੂੰ ਦੱਸਾਂਗਾ ਸਾਰੀ ਗੱਲ। ਚੋਰ ਕਿਤੋਂ ਦਾ, ਇਹ ਤੂੰ ਮੇਰੀ ਦੁਕਾਨ ਦੇ ਗੱਲੇ 'ਚੋਂ ਚੋਰੀ ਕੀਤੇ ਨੇ।''ਪੰਕਜ ਗੁੱਸੇ ਨਾਲ ਬੋਲਿਆ।

ਧੀਰਜ ਦੀ ਚੋਰੀ ਫੜੀ ਗਈ ਸੀ। ਮਨੋਜ ਸੌ ਰੁਪਏ ਦਾ ਨੋਟ ਲੈ ਕੇ ਦੁਕਾਨ ਵੱਲ ਆ ਗਿਆ।

''ਕਿਥੇ ਚਲਾ ਗਿਆ ਸੀ ਤੂੰ?'' ਅੰਕਲ ਨੇ ਪੁੱਛਿਆ।

''ਆਹ ਸੌ ਰੁਪਇਆ ਲੈਣ ਲਈ ਗਿਆ ਸੀ। ਕੋਈ ਚੋਰ ਚੁੱਕ ਕੇ ਭੱਜ ਗਿਆ ਸੀ।''

''ਕੀ ਚੋਰ?''

''ਹਾਂ ਅੰਕਲ ਜੀ ! ਜੇ ਮੈਂ ਇਹ ਵਾਪਿਸ ਨਾ ਲੈ ਕੇ ਆਉਂਦਾ ਤਾਂ ਤੁਸੀ ਮੈਨੂੰ ਚੋਰ ਸਮਝ ਲੈਂਦੇ ਤੇ ਮੈਂ ਬਦਨਾਮ ਹੋ ਜਾਣਾ ਸੀ।''

''ਪਰ ਉਹ ਚੋਰ ਕੌਣ ਸੀ?'' ਮਾਲਿਕ ਨੇ ਫਿਰ ਹੈਰਾਨੀ ਨਾਲ ਪੁੱਛਿਆ।

''ਮੇਰਾ ਭਰਾ...ਧੀਰਜ।'' ਮਨੋਜ ਨੇ ਸਪਸ਼ਟ ਜਵਾਬ ਦਿੱਤਾ।

''ਤੇਰਾ ਭਰਾ? ਇਹ ਤੂੰ ਕੀ ਕਹਿ ਰਿਹੈਂ?''

''ਹਾਂ ਅੰਕਲ ਜੀ, ਠੀਕ ਕਹਿ ਰਿਹਾਂ। ਪਰ ਅੱਜ ਤੋਂ ਬਾਦ ਉਹ ਇੱਧਰ ਨਹੀ ਆਵੇਗਾ। ਮੈਂ ਉਹਦੀ ਸ਼ਿਕਾਇਤ ਆਪਣੇ ਪਿਤਾ ਜੀ ਨੂੰ ਵੀ ਕਰਾਂਗਾ।''

''ਮੇਰੇ ਈਮਾਨਦਾਰ ਪੁੱਤਰ, ਮੈਨੂੰ ਤੇਰੇ ਤੇ ਮਾਣ ਹੈ। ਆਪਾਂ ਦੋਵੇਂ ਸ਼ਾਮ ਨੂੰ ਤੇਰੇ ਘਰ ਜਾਵਾਂਗੇ ਤੇ ਤੇਰੇ ਭਰਾ ਨੂੰ ਪਿਆਰ ਨਾਲ ਸਮਝਾਵਾਂਗੇ ਕਿ ਅਜਿਹਾ ਕੰਮ ਇਨਸਾਨ ਨੂੰ ਬਦਨਾਮੀ ਦੇ ਖੂਹ 'ਚ ਸੁੱਟ ਦਿੰਦਾ ਹੈ ਤੇ ਉਹਦਾ ਭਵਿੱਖ ਬਰਬਾਦ ਹੋ ਜਾਂਦਾ ਹੈ। ਹਾਂ, ਇਹ ਸੌ ਰੁਪਏ ਹੁਣ ਤੇਰੇ ਨੇ, ਮੇਰੇ ਵੱਲੋਂ।''

''ਪਰ ਅੰਕਲ ਜੀ, ਅਜੇ ਪਰਸੋਂ ਈ ਤਾਂ ਤੁਸੀ ਮੈਨੂੰ ਤਨਖ਼ਾਹ ਦਿੱਤੀ ਹੈ।''

''ਠੀਕ ਹੈ ਬੇਟੇ, ਪਰ ਇਮਾਨਦਾਰੀ ਦਾ ਇਨਾਮ ਅਲਗ ਹੀ ਹੁੰਦੈ।''

ਮਨੋਜ ਖ਼ੁਸ਼ੀ ਨਾਲ ਗਦ-ਗਦ ਹੋ ਗਿਆ।

❑ ਪ੍ਰੋ. ਕੁਲਜੀਤ ਕੌਰ

# ਨਵੀਆਂ ਜਮਾਤਾਂ 'ਚ ਨਵੀਆਂ ਮੰਜ਼ਿਲਾਂ ਕਰੋ ਤੈਅ

ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਦੇ ਅਨੇਕ ਪੜਾਅ ਵਿਚੋਂ ਸਕੂਲੀ ਵਿਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਹੁਣ ਸਾਲਾਨਾ ਪ੍ਰੀਖਿਆਵਾਂ ਖਤਮ ਹੋ ਚੁਕੀਆਂ ਹਨ, ਜਮਾਤਾਂ ਦੇ ਨਤੀਜੇ ਆ ਚੁਕੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ। ਨਵੀਆਂ ਨਕੋਰ ਪੁਸਤਕਾਂ ਨੂੰ ਦੇਖ-ਦੇਖ ਖੁਸ਼ ਹੁੰਦੇ ਹਨ। ਕੁਝ ਸਿਖਿਆਵਾਂ, ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਵਿਦਿਆਰਥੀਆਂ ਨਾਲ ਸਾਂਝੇ ਕਰਨੇ ਚਾਹਵਾਂਗੇ।

ਨਵੀਂ ਜਮਾਤ ਵਿਚ ਪ੍ਰਵੇਸ਼ ਹੋਏ ਵਿਦਿਆਰਥੀਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉਪਰ ਜ਼ੋਰ ਦੇਣਾ ਚਾਹੀਦਾ ਹੈ। ਉਹਨਾਂ ਨੂੰ ਇਹ ਪਤਾ ਲਗ ਗਿਆ ਹੋਵੇਗਾ ਕਿ ਕਮੀ ਕਿੱਥੇ ਰਹੀ ਹੈ। ਆਪਣੇ ਤੋਂ ਅੱਗੇ ਨਿਕਲ ਚੁਕੇ ਵਿਦਿਆਰਥੀਆਂ ਦੀ ਸਫਲਤਾ ਦਾ ਰਾਜ਼ ਉਹ ਸਮਝ ਚੁਕੇ ਹੋਣਗੇ। ਇਹ ਹੋ ਸਕਦਾ ਹੈ ਕਿ ਜਿੰਨੇ ਚੰਗੇ ਨਤੀਜਿਆਂ ਦੀ ਉਨ੍ਹਾਂ ਆਸ ਕੀਤੀ ਹੋਵੇ, ਸ਼ਾਇਦ ਉਸ ਤੋਂ ਕੁਝ ਘੱਟ ਹਾਸਿਲ ਹੋਏ ਹੋਣ। ਇਸ ਲਈ ਉਹਨਾਂ ਵਿਦਿਆਰਥੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਸਗੋਂ ਭਵਿਖ ਲਈ ਆਸਵੰਦ ਰਹਿਣ।

ਸਮੇਂ ਦੀ ਕਦਰ, ਸਮੇਂ ਦੀ ਕੀਮਤ ਨੂੰ ਪਛਾਣਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੂੰ ਜਮਾਤਾਂ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਆਪਣਾ ਹੋਮਵਰਕ ਸਮੇਂ ਸਿਰ ਨਿਪਟਾਉਣਾ ਚਾਹੀਦਾ ਹੈ। ਅਧਿਆਪਕ ਦੁਆਰਾ ਕਰਵਾਏ ਗਏ ਹਰ ਪਾਠ, ਹਰ ਸਿਲੇਬਸ ਨੂੰ ਸੌ ਫੀਸਦੀ ਧਿਆਨ ਦੇ ਕੇ ਸੁਣਨਾ ਜ਼ਰੂਰੀ ਹੈ।

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਕ ਟਾਈਮ ਟੇਬਲ ਬਣਾ ਕੇ ਆਪਣੀ ਪੜ੍ਹਾਈ ਵਲ ਧਿਆਨ ਦੇਣ। ਪੁਸਤਕਾਂ ਨਾਲ ਪਿਆਰ ਪਾ ਕੇ ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਨੂੰ ਆਪਣੀ ਸਮਝ ਮੁਤਾਬਿਕ ਪ੍ਰਵਾਨ ਕਰਨ।



ਕਿਹਾ ਜਾਂਦਾ ਹੈ ਕਿ ਅਭਿਆਸ ਕਿਸੇ ਵੀ ਕਲਾ ਜਾਂ ਗਿਆਨ ਨੂੰ ਹੋਰ ਪੱਕਾ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਆਪਣੇ ਵਿਸ਼ਿਆਂ ਦਾ ਅਭਿਆਸ ਜ਼ਰੂਰ ਕਰਨ।


ਆਪਣਾ ਖੇਡਣ ਦਾ ਸਮਾਂ ਵੀ ਨਿਸ਼ਚਿਤ ਕਰੋ। ਅਪਣਾ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਕੁਝ ਸਮਾਂ ਖੇਡਣਾ ਵੀ ਚਾਹੀਦਾ ਹੈ। ਇਸ ਨਾਲ ਸਰੀਰ ਦੀ ਵਰਜਿਸ਼ ਹੁੰਦੀ ਹੈ। ਕੰਪਿਊਟਰ ਗੇਮਾਂ, ਵੀਡਿਓ ਗੇਮਾਂ ਜਾਂ ਟੈਕਨੋਲੋਜੀ ਦੇ ਐਨੇ ਜ਼ਿਆਦਾ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਉ। ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਵਿਅਰਥ ਕਰਦੇ ਹਨ।

ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ।

ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ। ਜਮਾਤ ਦਾ ਇਹੋ ਜਿਹਾ ਮਾਹੌਲ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਦਾ ਮਨ ਕਰੇ ਕਿ ਉਹ ਚਾਈਂ ਚਾਈਂ ਸਕੂਲ ਜਾਵੇ।

ਮਿਹਨਤ, ਲਗਨ ਅਤੇ ਦ੍ਰਿੜ ਇਰਾਦੇ ਨਾਲ ਹਰ ਵਿਦਿਆਰਥੀ ਗਿਆਨ ਦੀਆਂ ਪੌੜੀਆਂ ਚੜ੍ਹ ਸਕਦਾ ਹੈ। ਲੋੜ ਹੈ ਵਿਦਿਆਰਥੀਆਂ ਦੇ ਕੋਮਲ ਮਨਾਂ ਨੂੰ ਸਮਝ ਕੇ, ਉਨ੍ਹਾਂ ਦੀ ਸਮਰੱਥਾ ਪਛਾਣ ਕੇ ਸਹੀ ਮਾਰਗ-ਦਰਸ਼ਨ ਕੀਤਾ ਜਾਵੇ।

# ਵਿਗਿਆਨ ਪ੍ਰਸ਼ਨੋਤਰੀ



❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਵਾੜ ਕਿਸ ਨੂੰ ਕਹਿੰਦੇ ਹਨ?**

**ਉੱਤਰ :** ਬੱਚਿਉ ! ਕੀ ਤੁਸੀਂ ਕਦੇ ਖੇਤ ਵਿਚ ਗਏ ਹੋ? ਫਸਲ ਦੀ ਸੁਰੱਖਿਆ ਲਈ ਖੇਤ ਦੇ ਚਾਰੇ ਪਾਸੇ ਕੰਡੇਦਾਰ ਝਾੜੀਆਂ ਜਾਂ ਕੰਡੀਲੀਆਂ ਤਾਰਾਂ ਲਗਾਈਆਂ ਜਾਂਦੀਆਂ ਹਨ। ਇਸ ਨੂੰ ਹੀ ਵਾੜ ਕਿਹਾ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਹੁੰਦਾ ਹੈ ਕਿ ਖੇਤ ਦੀ ਫਸਲ ਨੂੰ ਅਵਾਰਾ ਪਸ਼ੂਆਂ ਤੋਂ ਬਚਾਉਣਾ। ਵਾੜ ਕਰਕੇ ਖੇਤ ਦੀ ਹਦਬੰਦੀ ਨੂੰ ਵੀ ਸਪਸ਼ਟ ਕੀਤਾ ਜਾਂਦਾ ਹੈ।

**ਪ੍ਰਸ਼ਨ : ਦਵਾਈ ਦੀਆਂ ਗੋਲੀਆਂ ਤੋੜ ਕੇ ਨਿਗਲਣਾ ਖਤਰਨਾਕ ਕਿਉਂ ਹੁੰਦਾ ਹੈ?**

**ਉੱਤਰ :** ਦਵਾਈ ਦੀਆਂ ਗੋਲੀਆਂ ਨੂੰ ਪੂਰੀ ਨਿਗਲਣ ਦੀ ਬਜਾਏ ਕੁਝ ਲੋਕ ਤੋੜ ਕੇ ਜਾਂ ਬਾਰੀਕ ਕਰ ਕੇ ਖਾਂਦੇ ਹਨ। ਇੰਜ ਕਰਨਾ ਖਤਰਨਾਕ ਹੁੰਦਾ ਹੈ। ਅਸਲ ਵਿਚ ਦਵਾਈਆਂ ਦੀ ਰਸਾਇਣਿਕ ਪ੍ਰਤਿਕ੍ਰਿਆ ਨੂੰ ਕੰਟਰੋਲ ਕਰਨ ਵਾਸਤੇ ਦਵਾਈਆਂ ਉਤੇ ਇਕ ਖਾਸ ਕਿਸਮ ਦੀ ਪਰਤ ਹੁੰਦੀ ਹੈ। ਦਵਾਈ ਨੂੰ ਬਰੀਕ ਬਣਾਉਣ ਜਾਂ ਤੋੜਨ ਨਾਲ ਇਹ ਪਰਤ ਨਸ਼ਟ ਹੋ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਦਵਾਈ ਤੇਜ ਪ੍ਰਤਿਕ੍ਰਿਆ ਕਰਦੀ ਹੈ ਜੋ ਸ਼ਰੀਰ ਦੇ ਕਈ ਅੰਗਾਂ ਨੂੰ ਨੁਕਸਾਨ ਪਹੁੰਚਾਣ ਦਾ ਕਾਰਨ ਬਣ ਸਕਦੀ ਹੈ। ਦਵਾਈ ਉਤੇ ਇਹ ਕਠੋਰ ਪਰਤ ਇਸ ਲਈ ਹੁੰਦੀ ਹੈ ਤਾਕਿ ਦਵਾਈ ਹੌਲੀ-ਹੌਲੀ ਅਤੇ ਕੰਟਰੋਲ ਦੇ ਤਰੀਕੇ ਨਾਲ ਅਸਰ ਕਰੇ।

**ਪ੍ਰਸ਼ਨ : ਰੇਗਿਸਤਾਨ ਵਿਚ ਊਠ ਜੀਵਿਤ ਕਿਵੇਂ ਰਹਿੰਦਾ ਹੈ?**

**ਉੱਤਰ :** ਊਠ ਇਕ ਅਜਿਹਾ ਜਾਨਵਰ ਹੈ ਜਿਸ ਨੇ ਰੇਗਿਸਤਾਨ ਵਿਚ ਜੀਵਿਤ ਰਹਿਣ ਲਈ ਆਪਣੇ ਆਪ ਨੂੰ ਅਨੁਕੂਲਿਤ ਕਰ ਰਖਿਆ ਹੈ। ਊਠ ਦੇ ਪੈਰਾਂ ਦੇ ਹੇਠਾਂ ਗੱਦੀਆਂ ਹੁੰਦੀਆਂ ਹਨ ਜੋ ਰੇਤ ਉਤੇ ਚਲਣ ਵਿਚ ਉਸ ਦੀ ਸਹਾਇਤਾ ਕਰਦੀਆਂ ਹਨ। ਊਠ ਦੀ ਪਿੱਠ ਉਤੇ ਬਣੇ ਕੁੱਬੜ ਵਿਚ ਭੋਜਨ ਇਕੱਠਾ ਰਹਿੰਦਾ ਹੈ। ਉਹ ਇਕ ਸਮੇਂ ਦਸ ਪੰਦਰਾਂ ਲੀਟਰ ਪਾਣੀ ਪੀ ਲੈਂਦਾ ਹੈ ਜੋ ਕਿ ਦੋ ਹਫਤੇ ਤਕ ਕਾਫੀ ਹੁੰਦਾ ਹੈ। ਊਠ ਨੂੰ ਪਸੀਨਾ ਬਹੁਤ ਘੱਟ ਆਉਂਦਾ ਹੈ ਅਤੇ ਪੇਸ਼ਾਬ ਵੀ ਘੱਟ ਹੀ ਆਉਂਦਾ ਹੈ। ਊਠ ਵਾਤਾਵਰਣ ਦੇ ਤਾਪਮਾਨ ਅਨੁਸਾਰ ਆਪਣੇ ਸ਼ਰੀਰ ਨੂੰ ਢਾਲਣ ਦੀ ਵੀ ਸ਼ਕਤੀ ਰਖਦਾ ਹੈ।



❑ ਕਮਲ ਸਿੰਘ ਚੌਹਾਨ

# ਫੁੱਲਾਂ ਦੀ ਡਾਲੀ

ਬੱਚਿਓ ! ਡਾਲੀ ਦੇ ਫੁੱਲਾਂ ਨੂੰ ਵੇਖੋ।
ਕਦੇ ਨਾ ਤੋੜੋ ਕਦੇ ਨਾ ਖਿੱਚੋ।
ਲਚਕ ਰਹੀ ਫੁੱਲਾਂ ਦੀ ਡਾਲੀ।
ਪਾਣੀ ਸਿੰਜ ਰਿਹਾ ਹੈ ਮਾਲੀ।

ਕਿੰਨੇ ਸੁੰਦਰ ਫੁੱਲ ਪਿਆਰੇ,
ਚਾਰੇ ਪਾਸੇ ਸੁੰਦਰ ਨਜ਼ਾਰੇ।
ਨੀਲੇ, ਪੀਲੇ, ਗੁਲਾਬੀ, ਲਾਲ,
ਖਿੜੇ ਨੇ ਲੈ ਖੁਸ਼ਬੂਆਂ ਨਾਲ।

ਪ੍ਰੇਮ ਨਾਲ ਮਿਲਣਾ ਇਹਨਾਂ ਤੋਂ ਸਿੱਖੋ,
ਬੱਚਿਓ ! ਖਿੜਨਾ ਇਹਨਾਂ ਤੋਂ ਸਿੱਖੋ।
ਤਿਤਲੀ ਭਵਰੇ ਘੁੰਮ ਰਹੇ ਨੇ,
ਹੱਸਦੇ ਗਾਉਂਦੇ ਫੁੱਲ ਚੁੰਮ ਰਹੇ ਨੇ।

ਤੁਸੀਂ ਵੀ ਹੱਸੋ, ਨੱਚੋ-ਗਾਉ।
ਮੁਸ਼ਕਲ ਸਮੇਂ 'ਚ ਨਾ ਘਬਰਾਉ।
ਫੁੱਲ ਕੰਡਿਆਂ ਦੇ ਵਿਚ ਨੇ ਰਹਿੰਦੇ,
ਫਿਰ ਵੀ ਮਹਿਕਾਂ ਵੰਡਦੇ ਰਹਿੰਦੇ।



❑ ਡਾ. ਜਮਨਾਲਾਲ

# ਫਕੀਰ ਦੀ ਨਿਰਲੇਪਤਾ

ਨਾਦਿਰਸ਼ਾਹ ਆਪਣੇ ਅਤਿਆਚਾਰਾਂ ਦੇ ਲਈ ਜਨਤਾ ਵਿਚ ਬਹੁਤ ਮਸ਼ਹੂਰ ਸੀ। ਉਹ ਆਪਣੀ ਪ੍ਰਜਾ ਨੂੰ ਕਈ ਤਰ੍ਹਾਂ ਨਾਲ ਪਰੇਸ਼ਾਨ ਕਰਦਾ ਸੀ। ਇਕ ਵਾਰ ਉਸ ਨੇ ਦੂਤ ਭੇਜ ਕੇ ਇਕ ਫਕੀਰ ਨੂੰ ਬੁਲਾਇਆ। ਦੂਤ ਫਕੀਰ ਦੇ ਕੋਲ ਜਾ ਕੇ ਬੋਲਿਆ – ਬਾਦਸ਼ਾਹ ਨੇ ਤੁਹਾਨੂੰ ਬੁਲਾਇਆ ਹੈ, ਚੱਲੋ।

ਫਕੀਰ ਨੇ ਪੁੱਛਿਆ – ਕਿਉਂ ਬੁਲਾਇਆ ਹੈ?

ਦੂਤ ਨੇ ਕਿਹਾ – ਬਾਦਸ਼ਾਹ ਕੁਝ ਜਾਨਣਾ ਚਾਹੁੰਦੇ ਹਨ, ਉਹਨਾਂ ਨੇ ਕੁਝ ਪੁੱਛਣਾ ਹੈ।

ਫਕੀਰ ਬੋਲਿਆ – ਬਾਦਸ਼ਾਹ ਨੇ ਕੁਝ ਪੁੱਛਣਾ ਹੈ ਜਾਂ ਉਹ ਕੁਝ ਜਾਨਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਮੇਰੇ ਕੋਲ ਆਉਣਾ ਚਾਹੀਦਾ ਹੈ। ਮੈਨੂੰ ਕੁਝ ਲੋੜ ਹੋਵੇਗੀ ਜਾਂ ਕੁਝ ਲੈਣਾ ਹੋਵੇਗਾ ਤਾਂ ਮੈਂ ਬਾਦਸ਼ਾਹ ਦੇ ਕੋਲ ਜਾਵਾਂਗਾ। ਮੈਨੂੰ ਤਾਂ ਕੁਝ ਨਹੀਂ ਚਾਹੀਦਾ। ਜਾਉ, ਬਾਦਸ਼ਾਹ ਨੂੰ ਕਹਿ ਦਿਉ ਕਿ ਫਕੀਰ ਨੇ ਆਉਣ ਤੋਂ ਮਨਾ ਕਰ ਦਿੱਤਾ ਹੈ ,ਉਹਨਾਂ ਨੂੰ ਜੇਕਰ ਕੁਝ ਚਾਹੀਦਾ ਹੈ ਜਾਂ ਕੁਝ ਪੁੱਛਣਾ ਹੈ ਤਾਂ ਉਹ ਆਪ ਆ ਜਾਣ।

ਸੰਤ ਦਾ ਉੱਤਰ ਸੁਣ ਕੇ ਨਾਦਿਰਸ਼ਾਹ ਅੱਗਬਬੂਲਾ ਹੋ ਗਿਆ। ਆਪਣੀ ਬੇਜ਼ਤੀ ਵੇਖ ਕੇ ਉਹ ਗੁੱਸੇ ਨਾਲ ਲਾਲ ਹੋ ਗਿਆ। ਇਹ ਪਹਿਲਾ ਫਕੀਰ ਹੈ ਜਿਸ ਨੇ ਮੇਰੀ ਗੱਲ ਨਹੀ ਮੰਨੀ ਅਤੇ ਕਿਹਾ ਕਿ ਕੁਝ ਚਾਹੀਦਾ ਹੋਵੇ ਜਾਂ ਪੁੱਛਣਾ ਹੋਵੇ ਤਾਂ ਮੇਰੇ ਕੋਲ ਆਉ।

ਦੋ ਚਾਰ ਦਿਨ ਬੀਤ ਗਏ। ਨਾਦਿਰਸ਼ਾਹ ਦਾ ਗੁੱਸਾ ਸ਼ਾਂਤ ਹੋਇਆ ਅਤੇ ਇਕ ਦਿਨ ਫਕੀਰ ਦੀ ਝੁੱਗੀ ਵਿਚ ਪਹੁੰਚ ਗਏ। ਬੋਲੇ – ਮੈਂ ਤੁਹਾਨੂੰ ਬੁਲਾਇਆ ਸੀ। ਮੈਂ ਮੰਤਰੀ ਨੂੰ ਭੇਜਿਆ ਸੀ।

ਫਕੀਰ ਨੇ ਕਿਹਾ – ਹਾਂ ਇਕ ਆਦਮੀ ਤੁਹਾਡਾ ਸੰਦੇਸ਼ ਲੈ ਕੇ ਆਇਆ ਸੀ। ਉਸ ਦੇ ਨਾਲ ਮੈਂ ਉੱਤਰ ਵੀ ਭਿਜਵਾ ਦਿੱਤਾ ਸੀ।

ਨਾਦਿਰਸ਼ਾਹ ਬੋਲੇ – ਤਾਂ ਤੂੰ ਬਾਦਸ਼ਾਹ ਦੀ ਅਣਗਹਿਲੀ ਕਰ ਰਿਹਾ ਹੈਂ। ਸੋਚ ਲੈ।

ਮੈਂ ਬਾਦਸ਼ਾਹ ਤੋਂ ਕੁਝ ਨਹੀ ਲੈਣਾ – ਫਕੀਰ ਨੇ ਕਿਹਾ।

ਬਾਦਸ਼ਾਹ ਅਤੇ ਫਕੀਰ ਦੋਵੇਂ ਦਸ ਪੰਦਰਾਂ ਮਿੰਟ ਸ਼ਾਤ ਰਹੇ ਅਤੇ ਇਕ ਦੂਜੇ ਨੂੰ ਵੇਖਦੇ ਰਹੇ। ਬਾਦਸ਼ਾਹ ਨੇ ਚੁੱਪੀ ਤੋੜੀ।



ਮੈਨੂੰ ਜਾਣਕਾਰੀ ਮਿਲੀ ਹੈ ਕਿ ਤੁਸੀਂ ਨੀਂਦ ਉਤੇ ਜਿੱਤ ਹਾਸਿਲ ਕਰ ਲਈ ਹੈ। ਉਹ ਤਰੀਕਾ ਮੈਂ ਵੀ ਜਾਣਨਾ ਚਾਹੁੰਦਾ ਹਾਂ। – ਨਾਦਿਰਸ਼ਾਹ ਨੇ ਕਿਹਾ।

ਉਸ ਤਰੀਕੇ ਨੂੰ ਜਾਣ ਕੇ ਤੁਸੀਂ ਕੀ ਕਰੋਗੇ?

ਮੈਂ ਦਿਨ ਰਾਤ ਜਾਗ ਕੇ ਆਪਣੀ ਸੈਨਾ ਦੀ ਮਦਦ ਨਾਲ ਸੰਸਾਰ ਦਾ ਹਰ ਦੇਸ਼ ਜਿੱਤਣਾ ਚਾਹੁੰਦਾ ਹਾਂ।

ਫਕੀਰ ਨੇ ਲੰਮਾ ਸਾਹ ਲਿਆ ਅਤੇ ਫਿਰ ਵਿਸ਼ਵਾਸ ਅਤੇ ਹਿੰਮਤ ਨਾਲ ਕਿਹਾ – ਉਹ ਤਰੀਕਾ ਤੁਹਾਨੂੰ ਨਹੀਂ ਦੱਸਿਆ ਜਾ ਸਕਦਾ। ਬਲਕਿ ਮੈਂ ਤਾਂ ਚਾਹੁੰਦਾ ਹਾਂ ਕਿ ਤੁਸੀਂ ਰਾਤ ਸਮੇਂ ਹੀ ਨਹੀਂ , ਦਿਨ ਸਮੇਂ ਵੀ ਸੌਂਦੇ ਰਹੋ ਜਿਸ ਨਾਲ ਤੁਸੀਂ ਜਨਤਾ ਉਤੇ ਅਤਿਆਚਾਰ ਘੱਟ ਕਰ ਸਕੋ ਅਤੇ ਜਨਤਾ ਸੁਖ-ਚੈਨ ਨਾਲ ਰਹਿ ਸਕੇ। ਇਸ ਵਿਚ ਹੀ ਤੁਹਾਡਾ ਅਤੇ ਜਨਤਾ ਦਾ ਭਲਾ ਹੈ।

ਨਾਦਿਰਸ਼ਾਹ ਬਹੁਤ ਗੁੱਸੇ ਚ ਆ ਗਿਆ। ਉਸ ਨੇ ਮਿਆਨ ਵਿਚੋਂ ਆਪਣੀ ਤਲਵਾਰ ਕੱਢੀ ਅਤੇ ਫਕੀਰ ਵਲ ਵੇਖਦੇ ਹੋਏ ਕਿਹਾ – ਫਕੀਰ, ਬਹੁਤ ਹੋ ਗਿਆ, ਹੁਣ ਸੰਭਲ ਜਾ। ਹੁਣ ਤੇਰੀ ਮੌਤ ਨੇੜੇ ਹੈ। ਹੁਣ ਤਾਂ ਤੈਨੂੰ ਮੌਤ ਦੀ ਸਜ਼ਾ ਦੇਣੀ ਹੀ ਪਏਗੀ।

ਫਕੀਰ ਨੇ ਨਿਡਰ ਹੋ ਕੇ ਹੱਸਦੇ ਹੋਏ ਕਿਹਾ – ਮੈਨੂੰ ਪਤਾ ਹੈ ਤੁਸੀਂ ਕੁਝ ਦੇਣ ਕਦੇ ਨਹੀਂ ਆਉਗੇ। ਇਹ ਸ਼ਰੀਰ ਅੱਜ ਨਹੀਂ ਤਾਂ ਕੱਲ ਮਿੱਟੀ ਵਿਚ ਮਿਲਣ ਹੀ ਵਾਲਾ ਹੈ। ਜੇ ਤੁਸੀਂ ਅੱਜ ਹੀ ਇਸ ਨੂੰ ਖਤਮ ਕਰ ਦਿਉਗੇ ਤਾਂ ਕੀ ਫਰਕ ਪੈ ਜਾਵੇਗਾ। ਨਿਰਦਈ, ਕੰਗਾਲ ! ਇਹ ਸ਼ਰੀਰ ਅੱਜ ਹੀ, ਹੁਣੇ ਹੀ ਲੈ ਲਉ, ਆਪਣੀ ਭੁੱਖ ਸ਼ਾਂਤ ਕਰ ਲਉ।

ਨਾਦਿਰਸ਼ਾਹ ਸਹਿਮ ਗਿਆ। ਫਕੀਰ ਦੇ ਨਿਡਰ ਸੁਭਾਅ ਦੇ ਅੱਗੇ ਉਸ ਦੀ ਜ਼ੁਬਾਨ ਤੋਂ ਇਕ ਸ਼ਬਦ ਵੀ ਨਹੀਂ ਨਿਕਲਿਆ। ਉਸ ਨੇ ਆਪਣੀ ਤਲਵਾਰ ਮਿਆਨ ਵਿਚ ਪਾਈ ਅਤੇ ਉਲਟੇ ਪੈਰ ਵਾਪਸ ਚਲਾ ਗਿਆ।



❑ ਡਾ. ਗੁਰਮੀਤ ਸਿੰਘ

# ਇੰਜ ਸ਼ੁਰੂ ਹੋਈ ਸਮੁੰਦਰੀ ਯਾਤਰਾ



**ਤੇਰ੍ਹਵੀਂ** ਸ਼ਤਾਬਦੀ ਤੋਂ ਪਹਿਲੇ ਕਾਲ ਨੂੰ ਅੰਧਕਾਰ ਯੁਗ ਜਾਂਦਾ ਹੈ ਕਿਉਂਕਿ ਇਸ ਸਮੇਂ ਦੇ ਦੌਰਾਨ ਭੂਗੋਲਿਕ ਗਿਆਨ ਕਾਫੀ ਘੱਟ ਸੀ। 13ਵੀਂ ਸ਼ਤਾਬਦੀ ਵਿਚ ਲੋਕਾਂ ਵਿਚ ਭੂਗੋਲਿਕ ਗਿਆਨ ਪ੍ਰਾਪਤ ਕਰਨ ਦੇ ਪ੍ਰਤੀ ਜਿਗਿਆਸਾ ਪੈਦਾ ਹੋਈ ਅਤੇ ਇਸ ਉਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਵਪਾਰੀਆਂ ਵਿਚ ਵੱਖ ਵੱਖ ਦੇਸ਼ਾਂ ਵਿਚ ਆਪਣੇ ਵਪਾਰ ਸਥਾਪਿਤ ਕਰਨ ਦੀ ਲਾਲਸਾ ਪੈਦਾ ਹੋਈ। ਸਮਰਾਟਾਂ ਨੇ ਦੀਪਾਂ ਅਤੇ ਸਮੁੰਦਰੀ ਤਟਾਂ ਦੀ ਖੋਜ ਕਰਨ ਦਾ ਕੰਮ ਸ਼ੁਰੂ ਕਰਾਇਆ। ਸੰਨ 1250 ਤੋਂ ਲੈ ਕੇ 16ਵੀਂ ਸ਼ਤਾਬਦੀ ਤਕ ਲਗਾਤਾਰ ਖੋਜਾਂ ਅਤੇ ਸਮੁੰਦਰੀ ਯਾਤਰਾਵਾਂ ਦਾ ਸਿਲਸਿਲਾ ਜਾਰੀ ਰਿਹਾ। ਸਮੁੰਦਰੀ ਯਾਤਰਾ ਦਾ ਸ੍ਰੀ ਗਣੇਸ਼ ਫ੍ਰਾਂਸੀਸੀ ਨਾਗਰਿਕ ਵਿਲਿਅਮ ਰੂਬਰੇਕ ਨੇ ਕੀਤਾ। ਉਸ ਨੇ ਸੰਨ 1256 ਵਿਚ ਸਮੁੰਦਰੀ ਯਾਤਰਾ ਸ਼ੁਰੂ ਕੀਤੀ ਅਤੇ ਕਾਲਾ ਸਾਗਰ, ਕੈਸਪੀਅਨ ਸਾਗਰ, ਡਾਨ ਅਤੇ ਵੋਲਗਾ ਬੇਸਿਨ ਨੂੰ ਪਾਰ ਕੀਤਾ। ਫਿਰ ਉਹ ਸੋਵੀਅਤ ਰੂਸ, ਮੱਧ ਏਸ਼ੀਆ ਅਤੇ ਮੰਗੋਲੀਆ ਦੀ ਧਰਤੀ ਤਕ ਜਾ ਪਹੁੰਚਿਆ।

13ਵੀਂ ਸ਼ਤਾਬਦੀ ਦੇ ਮੱਧ ਤੋਂ ਇਸ ਸਮੁੰਦਰੀ ਯਾਤਰਾ ਦਾ ਸਿਲਸਿਲਾ ਸ਼ੁਰੂ ਹੋ ਗਿਆ। ਤੇਰ੍ਹਵੀਂ ਸ਼ਤਾਬਦੀ ਵਿਚ ਹੀ ਵੇਨਿਸ ਦੇ ਵਪਾਰੀ ਮਾਰਕੋ ਪੋਲੋ ਨੇ ਸਮੁੰਦਰੀ ਯਾਤਰਾ ਸ਼ੁਰੂ ਕੀਤੀ। ਉਹ ਭੂਮੱਧ ਸਾਗਰ ਤੋਂ ਪ੍ਰਸ਼ਾਂਤ ਮਹਾਸਾਗਰ ਤਕ ਦੀ ਯਾਤਰਾ ਤੇ ਨਿਕਲਿਆ ਅਤੇ ਇਕ ਵੱਡੇ ਸਮੁੰਦਰੀ ਮਾਰਗ ਨੂੰ ਉਸ ਨੇ ਸਾਹਸ ਅਤੇ ਸਬਰ ਨਾਲ ਸਫਲਤਾ ਪੂਰਵਕ

ਪੂਰਾ ਕੀਤਾ। ਇਸ ਲਈ ਮੱਧ ਯੁਗ ਦੇ ਪਹਿਲੇ ਮਹਾਨ ਸਮੁੰਦਰੀ ਯਾਤਰੀ ਹੋਣ ਦਾ ਮਾਣ ਮਾਰਕੋ ਪੋਲੋ ਦੇ ਪੱਖ ਵਿਚ ਹੀ ਜਾਂਦਾ ਹੈ। ਮਾਰਕੋ ਪੋਲੋ ਸਮੁੰਦਰੀ ਯਾਤਰਾ ਕਰ ਕੇ ਪੂਰਬੀ ਯੂਰਪੀ ਦੇਸ਼, ਸੋਵੀਅਤ ਰੂਸ, ਮੱਧ ਏਸ਼ੀਆ, ਮੰਗੋਲੀਆ, ਚੀਨ, ਮਲੇਸ਼ੀਆ, ਸ੍ਰੀ ਲੰਕਾ, ਭਾਰਤ, ਈਰਾਨ ਅਤੇ ਪੱਛਮੀ ਏਸ਼ੀਆਈ ਦੇਸ਼ਾਂ ਦੇ ਵੱਖ-ਵੱਖ ਨਗਰਾਂ ਵਿਚ ਪਹੁੰਚ ਗਿਆ। ਆਪਣੀਆਂ ਯਾਤਰਾਵਾਂ ਦਾ ਵਰਣਨ ਮਾਰਕੋ ਪੋਲੋ ਨੇ ਆਪ ਕਿਤਾਬ ਲਿਖ ਕੇ ਉਸ ਵਿਚ ਕ੍ਰਮਵਾਰ ਕੀਤਾ ਹੈ।

ਜਦੋਂ ਪੁਰਤਗਾਲ ਵਿਚ ਵੱਧਦੀ ਜਨਸੰਖਿਆ ਦੇ ਕਾਰਣ ਭਰਣ-ਪੋਸ਼ਣ ਦੀ ਸਮੱਸਿਆ ਪੈਦਾ ਹੋਈ ਤਾਂ ਉਸ ਨਾਲ ਨਿਪਟਣ ਲਈ ਪੁਰਤਗਾਲ ਦੇ ਰਾਜਕੁਮਾਰ ਨੇ ਮਹਾਂਸਾਗਰੀ ਵਪਾਰ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ। ਰਾਜਕੁਮਾਰ ਦੇ ਕਹਿਣ ਤੇ ਅਨੇਕਾਂ ਉਤਸਾਹੀ ਪੁਰਤਗਾਲੀਆਂ ਨੇ ਭੂਮੱਧ ਸਾਗਰ ਵਿਚ ਦੂਰ-ਦੂਰ ਤਕ ਯਾਤਰਾਵਾਂ ਕੀਤੀਆਂ। 1486 ਈਸਵੀ ਅਰਥਾਤ 15ਵੀਂ ਸ਼ਤਾਬਦੀ ਦੇ ਅੰਤ ਵਿਚ ਵਾਸਕੋਡਿਗਾਮਾ ਨੇ ਆਪਣੇ ਸਾਥੀਆਂ ਦੇ ਨਾਲ ਸਮੁੰਦਰੀ ਯਾਤਰਾ ਕੀਤੀ। ਉਹਨਾਂ ਨੇ ਅਫਰੀਕੀ ਮਹਾਂਦੀਪ ਦੇ ਦੱਖਣੀ ਸਿਰੇ ਕੇਪ ਆਫ ਗੁਡ ਹੋਪ ਦਾ ਚੱਕਰ ਲਗਾਇਆ ਅਤੇ ਭਰਤ ਵਰਸ਼ ਵਿਚ ਬਣੇ ਕਾਲੀਕਟ ਬੰਦਰਗਾਹ ਉਤੇ ਜਾ ਪਹੁੰਚੇ। ਵਾਸਕੋਡਿਗਾਮਾਂ ਨੇ ਵਪਾਰੀਆਂ ਲਈ ਇਕ ਨਵਾਂ ਸਮੁੰਦਰੀ ਮਾਰਗ ਪੇਸ਼ ਕੀਤਾ। ਬਾਅਦ ਵਿਚ ਇਸੇ ਰਾਹ ਤੋਂ ਭਾਰਤ, ਸ੍ਰੀ ਲੰਕਾ, ਬਰਮਾ, ਇੰਡੋਨੇਸ਼ੀਆ, ਚੀਨ ਅਤੇ ਆਸਟ੍ਰੇਲੀਆ ਵਿਚ ਡਚ, ਫ੍ਰਾਂਸੀਸੀ, ਪੁਰਤਗਾਲੀ ਅਤੇ ਬ੍ਰਿਟਿਸ਼ ਵਪਾਰੀਆਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ। ਕ੍ਰਿਸਟੋਫਰ ਕੋਲੰਬਸ ਨੇ ਨਵੀਂ ਦੁਨੀਆ ਅਮਰੀਕਾ ਦੀ ਖੋਜ ਕੀਤੀ ਸੀ। ਜਿਨੋਵਾ ਵਿਚ ਰਹਿਣ ਵਾਲੇ ਕੋਲੰਬਸ ਨੇ ਸਪੇਨ ਦੀ ਰਾਣੀ ਈਜਾਬੇਲਾ ਦੀ ਭਾਰਤ ਲਈ ਯਾਤਰਾ ਤੇ ਰਵਾਨਾ ਹੋਣਾ ਸੀ, ਪਰੰਤੂ ਉਹ ਯੂਰਪ ਤੋਂ ਪੱਛਮ ਦਿਸ਼ਾ ਵੱਲ ਵੱਧ ਗਿਆ ਅਤੇ ਭਾਰਤ ਪਹੁੰਚਣ ਦੀ ਬਜਾਏ ਅਮਰੀਕਾ ਜਾ ਪਹੁੰਚਿਆ। ਕੋਲੰਬਸ ਅਟਲਾਂਟਿਕ ਮਹਾਂਸਾਗਰ ਪਾਰ ਕਰਕੇ ਬਹਾਮਾ ਜਮੈਕਾ, ਕਿਊਬਾ ਅਤੇ ਟ੍ਰਿਨੀਡਾਡ ਅਤੇ ਪੱਛਮ ਦੀਪ ਸਮੂਹ ਦੇਸ਼ਾਂ ਤਕ ਗਿਆ।

ਪ੍ਰਮੁੱਖ ਸਮੁੰਦਰੀ ਯਾਤਰਾ ਦੇ ਇਲਾਵਾ ਕੁਝ ਹੋਰ ਯਾਤਰਾਵਾਂ ਵੀ ਕੀਤੀਆਂ ਜਾਂਦੀਆਂ ਰਹੀਆਂ। ਸਮੁੰਦਰੀ ਮਾਰਗਾਂ ਦੀ ਜਾਣਕਾਰੀ ਨਾਲ ਵੱਖ-ਵੱਖ ਦੇਸ਼ਾਂ ਦੇ ਭੂਗੋਲਿਕ ਵਾਤਾਵਰਣ, ਰਹਿਣ-ਸਹਿਣ ਅਤੇ ਰੀਤੀ ਰਿਵਾਜ਼ਾਂ ਦਾ ਗਿਆਨ ਪ੍ਰਾਪਤ ਹੋਇਆ। ਬ੍ਰਿਟੇਨ, ਫ੍ਰਾਂਸ, ਜਰਮਨੀ ਦੇ ਲੋਕਾਂ ਨੇ ਉਤਰੀ ਅਮਰੀਕਾ, ਦੱਖਣੀ ਅਫਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਪੂਰਬੀ ਦਖਣੀ ਏਸ਼ੀਆ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਇਸ ਪ੍ਰਕਾਰ 16ਵੀਂ ਸ਼ਤਾਬਦੀ ਦੇ ਅੰਤ ਤਕ ਇਸ ਖੋਜ ਪੂਰਣ ਸਮੁੰਦਰੀ ਯਾਤਰਾ ਦਾ ਸਿਲਸਿਲਾ ਜਾਰੀ ਰਿਹਾ।



# ਹਾਸਾ ਖੇਡਾ



ਨੰਨ੍ਹੇ ਨੇ ਯਸ਼ ਨੂੰ ਕਿਹਾ-

ਅੱਜ ਮੈ ਰੱਬ ਤੋਂ ਮੰਗਿਆ ਕਿ ਮੇਰੇ ਦਿਮਾਗ ਨੂੰ ਦਸ ਗੁਣਾ ਵਧਾ ਦਿਉ।

ਯਸ਼ ਨੇ ਕਿਹਾ –

ਪਰ ਇਸ ਦਾ ਤਾਂ ਕੋਈ ਫਾਇਦਾ ਨਹੀਂ।

ਨੰਨ੍ਹੇ ਨੇ ਕਿਹਾ ਕਿਉਂ –

ਜ਼ੀਰੋ ਨੂੰ ਜਿਨ੍ਹੇ ਨਾਲ ਮਰਜ਼ੀ ਗੁਣਾ ਕਰ ਲਉ ਉਹ ਜ਼ੀਰੋ ਹੀ ਰਹਿੰਦਾ ਹੈ।

– – – – – – –

ਵਿਸ਼ਾਲ ਨੇ ਆਪਣੇ ਦੋਸਤ ਨੂੰ ਕਿਹਾ –

ਬਚਪਨ ਵਿਚ ਮੇਰੀ ਕਾਰ ਦਾ ਐਕਸੀਡੈਂਟ ਹੋ ਗਿਆ ਸੀ।

ਦੋਸਤ ਨੇ ਕਿਹਾ –

ਤੂੰ ਉਸ ਵਿਚ ਬਚ ਗਿਆ ਸੀ?

ਵਿਸ਼ਾਲ ਨੇ ਕਿਹਾ –

ਪਤਾ ਨਹੀਂ ਉਸ ਸਮੇਂ ਮੈਂ ਬਹੁਤ ਛੋਟਾ ਜਿਹਾ ਸੀ।

– – – – ਬੱਬਲੂ (ਦਿੱਲੀ)

ਵੰਸ਼ ਨੇ ਸੰਭੂ ਨੂੰ ਕਿਹਾ –

ਜੇ ਮੇਰਾ ਨਾਂ ਵਕਤ ਹੁੰਦਾ ਤਾਂ ਲੋਕ ਮੇਰੀ ਕਿੰਨੀ ਕਦਰ ਕਰਦੇ।

ਸੰਭੂ ਨੇ ਹੱਸਦੇ ਹੋਏ ਕਿਹਾ –

ਬਿਲਕੁਲ ਵੀ ਨਹੀ ਬਲਕਿ ਲੋਕ ਤੇਰੇ ਕੋਲੋਂ ਡਰਦੇ।

ਵੰਸ਼ ਨੇ ਕਿਹਾ – ਅਜਿਹਾ ਕਿਉਂ?

ਸੰਭੂ ਨੇ ਕਿਹਾ –

ਲੋਕ ਕਹਿੰਦੇ ਦੇਖੋ ਬੁਰਾ ਵਕਤ ਆ ਰਿਹਾ ਹੈ।

– – – – –

ਗ੍ਰਾਹਕ – ਅੰਬ ਕੀ ਭਾਅ ਹਨ?

ਫਲਵਾਲਾ – ਸੌ ਰੁਪਏ ਕਿੱਲੋ। ਖਰੀਦਣੇ ਹਨ ਕੀ?

ਗ੍ਰਾਹਕ – ਖਰੀਦਣੇ ਨਹੀ ਸਿਰਫ ਸੁੰਘਣੇ ਹਨ।

– ਪ੍ਰਤੀਕਸ਼ਾ ਕੁਸ਼ਵਾਹਾ (ਇਟਾਵਾ)

ਬੇਟਾ – ਪਾਪਾ ਗੁਲਾਬ ਦਾ ਪੌਦਾ ਲਗਾਇਆਂ ਇਕ ਹਫਤਾ ਹੋ ਗਿਆ ਹੈ ਪਰ ਅਜੇ ਤਕ ਉਸ ਦੀਆਂ ਜੜਾਂ ਨਹੀ ਨਿਕਲੀਆਂ।

ਪਿਤਾ – ਪਰ ਬੇਟਾ, ਤੈਨੂੰ ਕਿਵੇਂ ਪਤਾ?

ਬੇਟਾ – ਕਿਉਂਕਿ ਮੈ ਰੋਜ਼ ਉਸ ਨੂੰ ਉਖਾੜ ਕੇ ਵੇਖਦਾ ਹਾਂ।

– ਭਾਰਤ ਭੂਸ਼ਣ (ਖਲੀਲਾਬਾਦ)



ਇੱਕ ਇੰਟਰਵਿਊ ਦੌਰਾਨ ਗੌਰਵ ਤੋਂ ਸਵਾਲ ਪੁੱਛਿਆ ਗਿਆ –

ਜੇਕਰ ਜੰਗਲ ਵਿਚ ਗੱਡੀ ਚਲਾਉਂਦਿਆਂ ਅੱਗੇ ਸ਼ੇਰ ਆ ਜਾਵੇ ਤਾਂ ਕੀ ਕਰੋਗੇ?

ਗੌਰਵ ਨੇ ਕਿਹਾ –

ਖੱਬੇ ਪਾਸੇ ਵਾਲਾ ਇੰਡੀਕੇਟਰ ਚਲਾ ਕੇ ਗੱਡੀ ਨੂੰ ਸੱਜੇ ਪਾਸੇ ਮੋੜ ਲਵਾਂਗਾ।

\- - - - -

ਪੁੱਤਰ ਨੇ ਮਾਂ ਨੂੰ ਕਿਹਾ –

ਮੈਂ ਵੀ ਤਲਾਬ ਵਿਚ ਤੈਰ ਲਵਾਂ?

ਮਾਂ – ਨਹੀ ਪੁੱਤ ਤੂੰ ਡੁੱਬ ਜਾਵੇਂਗਾ।

ਪੁੱਤਰ – ਪਰ ਪਿਤਾ ਜੀ ਵੀ ਤਾਂ ਇੱਕ ਘੰਟੇ ਤੋਂ ਤਲਾਬ ਵਿਚ ਨਹਾ ਰਹੇ ਹਨ?

ਮਾਂ – ਪੁੱਤ ਉਹਨਾਂ ਦਾ ਬੀਮਾ ਹੋਇਆ ਹੈ।

\- - - - - - -

ਟੀਚਰ – ਮੀਨਾ ! 1656 ਵਿਚ ਕਿਹੜੀ ਇਤਿਹਾਸਿਕ ਘਟਨਾ ਹੋਈ ਸੀ?

ਮੀਨਾ – ਸਰ ਇਕ ਵਾਰ ਤੁਸੀਂ ਦੱਸ ਦਿਉ।

ਟੀਚਰ – ਆਗਰਾ ਦਾ ਤਾਜਮਹਿਲ ਬਣ ਕੇ ਤਿਆਰ ਹੋ ਗਿਆ ਸੀ। ਚੰਗਾ ਫਿਰ ਦੱਸੋ 1756 ਵਿਚ ਕਿਹੜੀ ਇਤਿਹਾਸਿਕ ਘਟਨਾ ਹੋਈ ਸੀ?

ਮੀਨਾ – ਸਰ ! ਤਾਜਮਹਿਲ ਨੂੰ ਬਣੇ 100 ਸਾਲ ਹੋ ਗਏ ਸਨ।

– ਬਿੱਕਰ 'ਮਾਣਕ' ਗਿੱਦੜਬਾਹਾ

ਡਾਕਟਰ – (ਮਰੀਜ਼ ਨੂੰ) ਮੈਂ ਤੁਹਾਨੂੰ ਯਾਦਦਾਸ਼ਤ ਠੀਕ ਕਰਨ ਦੀ ਦਵਾਈ ਦਿੱਤੀ ਸੀ। ਕੁਝ ਫਰਕ ਪਿਆ।

ਮਰੀਜ – ਜੀ ਹੁਣ ਤਕ ਤਾਂ ਕੋਈ ਫਰਕ ਨਹੀ ਪਿਆ। ਮੈਂ ਰੋਜ ਦਵਾਈ ਲੈਣਾ ਭੁੱਲ ਜਾਂਦਾ ਹਾਂ।

– ਪ੍ਰੀਤ ਸੈਦਪੁਰੀ (ਰੋਪੜ)

ਇਕ ਲੜਕਾ – (ਆਪਣੇ ਦੋਸਤ ਨੂੰ) ਤੂੰ ਆਪਣੀਆਂ ਛੁੱਟੀਆਂ ਕਿਵੇਂ ਬਿਤਾਈਆਂ?

ਦੋਸਤ – ਇਕ ਦਿਨ ਘੋੜਸਵਾਰੀ ਵਿਚ ਅਤੇ ਬਾਕੀ ਦਿਨ ਹਸਪਤਾਲ ਵਿਚ।


\- - - - - -

ਪਿਤਾ – ਬੇਟੇ ਤੂੰ ਇਤਿਹਾਸ ਵਿਚ ਫੇਲ ਕਿਉਂ ਹੋ ਗਿਆ?

ਬੇਟਾ – ਕੀ ਕਰਦਾ ਪਿਤਾ ਜੀ। ਸਾਰੇ ਪ੍ਰਸ਼ਨ ਉਸ ਸਮੇਂ ਦੇ ਸੀ ਜਦੋਂ ਮੈਂ ਪੈਦਾ ਵੀ ਨਹੀਂ ਸੀ ਹੋਇਆ।

– ਮੋਹਨ ਸਿੰਘ (ਮਹਿਤਪੁਰ)

# ਨਿਰੰਕਾਰੀ ਬਾਬਾ ਗੁਰਬਚਨ ਸਿੰਘ ਜੀ



* ਬਾਬਾ ਗੁਰਬਚਨ ਸਿੰਘ ਜੀ ਦਾ ਜਨਮ ਕਦੋਂ ਅਤੇ ਕਿਥੇ ਹੋਇਆ?

- 10 ਦਸੰਬਰ 1930 ਨੂੰ, ਪਾਕਿਸਤਾਨ (ਪਿਸ਼ਾਵਰ) ਵਿਖੇ।

* ਆਪ ਦੇ ਮਾਤਾ ਪਿਤਾ ਦਾ ਕੀ ਨਾਂ ਸੀ?

- ਬਾਬਾ ਅਵਤਾਰ ਸਿੰਘ ਜੀ ਅਤੇ ਮਾਤਾ ਬੁੱਧਵੰਤੀ ਜੀ।

* ਬਾਬਾ ਗੁਰਬਚਨ ਸਿੰਘ ਜੀ ਨੇ ਸਿਖਿਆ ਕਿਥੋਂ ਤਕ ਪ੍ਰਾਪਤ ਕੀਤੀ?

- ਮੈਟ੍ਰਿਕ ਤਕ।

* ਬਾਬਾ ਗੁਰਬਚਨ ਸਿੰਘ ਜੀ ਦਾ ਵਿਆਹ ਕਦੋਂ ਹੋਇਆ?

- 22 ਅਪ੍ਰੈਲ 1947 ਨੂੰ।

* ਆਪ ਦਿੱਲੀ ਕਦੋਂ ਆ ਵੱਸੇ?

- ਸੰਨ 1959 ਵਿਚ

ਸਤਿਗੁਰੂ ਰੂਪ ਵਿਚ ਬਾਬਾ ਗੁਰਬਚਨ ਸਿੰਘ ਜੀ ਨੇ ਮਿਸ਼ਨ ਦੀ ਵਾਗਡੋਰ ਕਦੋਂ ਸੰਭਾਲੀ?

- ਸੰਨ 1962 ਵਿਚ

* ਆਪ ਨੇ ਪਹਿਲੀ ਵਿਸ਼ਵ ਕਲਿਆਣ ਯਾਤਰਾ ਕਦੋਂ ਕੀਤੀ?

- ਸੰਨ 1967 ਵਿਚ

* ਬਾਬਾ ਗੁਰਬਚਨ ਸਿੰਘ ਜੀ ਨੇ ਦਿੱਲੀ ਤੋਂ ਬਾਹਰ ਕਿਹੜੇ ਸ਼ਹਿਰ ਵਿਚ ਆਖਰੀ ਸਤਿਸੰਗ ਕੀਤਾ ਸੀ?

- ਚੰਡੀਗੜ੍ਹ ਵਿਚ

* ਬਾਬਾ ਗੁਰਬਚਨ ਸਿੰਘ ਜੀ ਨੇ ਦਿੱਲੀ ਵਿਖੇ ਆਖਰੀ ਸਤਿਸੰਗ ਕਿਥੇ ਕੀਤਾ ਸੀ?

- ਪਹਾੜਗੰਜ ਵਿਚ

* ਬਾਬਾ ਗੁਰਬਚਨ ਸਿੰਘ ਜੀ ਨੇ ਸੱਚ ਦੀ ਖਾਤਿਰ ਕਦੋਂ ਬਲੀਦਾਨ ਦਿੱਤਾ ?

- 24 ਅਪ੍ਰੈਲ 1980 ਨੂੰ

❑ ਸੁਰਿੰਦਰ ਰੰਧਾਵਾ

ਪੇਸ਼ਕਸ਼ : ਵਿਕਾਸ ਅਰੋੜਾ


# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉੱਤਰ 'ਰੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਓ।)

1) ਜੰਮੂ ਅਤੇ ਕਸ਼ਮੀਰ ਵਿਚ ਮੁੱਖ ਰੂਪ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?
2) ਕਿਸ ਨਦੀ ਦੇ ਕਿਨਾਰੇ ਨਾਸਿਕ ਸ਼ਹਿਰ ਵੱਸਿਆ ਹੈ?
3) ਭਾਰਤ ਦੇ ਪਹਿਲੇ ਐਕਟਿੰਗ ਪ੍ਰੈਜ਼ੀਡੈਂਟ ਕੌਣ ਸਨ?
4) ਬਰੂਨੇਈ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?
5) ਦੁਰਯੋਧਨ ਦੀ ਮਾਤਾ ਦਾ ਕੀ ਨਾਮ ਸੀ?
6) ਉੜੀਸਾ ਦੇ ਕਿਸ ਸ਼ਹਿਰ ਵਿਚ ਜਗਨਨਾਥ ਮੰਦਿਰ ਸਥਿਤ ਹੈ?
7) ਭਾਰਤ ਰਤਨ ਪੁਰਸਕਾਰ ਪਾਉਣ ਵਾਲੇ ਗਵਰਨਰ ਜਨਰਲ ਕੌਣ ਸਨ?
8) ਕਿਸ ਮਹੀਨੇ ਦੀ 12 ਤਰੀਕ ਨੂੰ 'ਰਾਸ਼ਟਰੀ ਯੁਵਾ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ?
9) ਮਤੰਗ ਰਿਸ਼ੀ ਦੇ ਕਿਸ ਚੇਲੇ ਦੇ ਜੂਠੇ ਬੇਰ ਭਗਵਾਨ ਸ੍ਰੀ ਰਾਮ ਨੇ ਸਵੀਕਾਰ ਕੀਤੇ ਸਨ?
10) ਬਿਹਾਰ ਦੀ ਕਿਸ ਥਾਂ ਤੇ ਭਗਵਾਨ ਮਹਾਵੀਰ ਨੂੰ ਨਿਰਵਾਣ ਪ੍ਰਾਪਤ ਹੋਇਆ ਸੀ।
11) ਉਲਿੰਪਿਕ ਖੇਡਾਂ ਵਿਚ ਪਦਕ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਸੀ?
12) ਮਣੀਪੁਰ ਵਿਚ ਮੁੱਖ ਰੂਪ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?
13) ਨੋਬਲ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲੀ ਪਹਿਲੀ ਮਹਿਲਾ ਕੌਣ ਸੀ?
14) ਤਮਿਲਨਾਡੂ ਦੇ ਕਿਸ ਸ਼ਹਿਰ ਵਿਚ ਪ੍ਰਸਿੱਧ ਵਿਵੇਕਾਨੰਦ ਮਾਰਗ ਸਥਿਤ ਹੈ?
15) ਸਰਵਸ਼੍ਰੇਸ਼ਠ ਅਭਿਨੇਤਰੀ ਦਾ ਪਹਿਲਾ ਫਿਲਮਫੇਅਰ ਪੁਰਸਕਾਰ ਫਿਲਮ ''ਬੈਜੂਬਾਵਰਾ'' ਲਈ ਕਿਸ ਅਭਿਨੇਤਰੀ ਨੂੰ ਮਿਲਿਆ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ








ਮਾਂ ਦੀ ਇਸ ਸਿਖਿਆ ਦੇ ਕਾਰਨ ਹੀ ਕਿੱਟੀ ਘੱਟ ਉਮਰ ਵਿਚ ਹੀ ਬਹੁਤ ਸਮਝਦਾਰ ਹੋ ਚੁਕੀ ਸੀ।
ਕਿੱਟੀ ਦਾ ਵਿਵਹਾਰ ਬਹੁਤ ਸ਼ਿਸ਼ਟਾਪੂਰਵਕ ਸੀ। ਇਸ ਦਾ ਮਾਣ ਉਸ ਦੀ ਮਾਂ ਨੂੰ ਹੀ ਜਾਂਦਾ ਸੀ। ਉਹ ਹਮੇਸ਼ਾ ਕਿੱਟੀ ਨੂੰ ਸਮਝਾਂਦੀ ਰਹਿੰਦੀ ਸੀ ਕਿ ਸਦਵਿਵਹਾਰ ਨਾਲ ਹੀ ਦੂਜੇ ਵਿਅਕਤੀ ਸਾਡਾ ਸਨਮਾਨ ਕਰਦੇ ਹਨ ਅਤੇ ਸਾਡੇ ਤੋਂ ਪ੍ਰਭਾਵਿਤ ਹੁੰਦੇ ਹਨ।
ਗਰਮੀ ਦੀਆਂ ਛੁੱਟੀਆਂ ਸਨ। ਕਿੱਟੀ ਆਪਣੇ ਪਿਤਾ ਨਾਲ ਕਿਲੇ ਵਿਚ ਆਈ ਹੋਈ ਸੀ। ਘਰ ਦੇ ਕੋਲ ਹੋਣ ਦੇ ਕਾਰਨ ਕਿੱਟੀ ਅਕਸਰ ਉਥੇ ਆਉਂਦੀ ਰਹਿੰਦੀ ਸੀ। ਇਸ ਕਾਰਣ ਉਹ ਕਿਲੇ ਦੇ ਬਾਰੇ ਸਭ ਕੁਝ ਜਾਣ ਗਈ ਸੀ।
ਇਕ ਵਾਰ ਕਿੱਟੀ ਦੇ ਪਿਤਾ ਕਿੱਟੀ ਨੂੰ ਇਕੱਲੀ ਛੱਡ ਕੇ ਕੰਮ ਵਾਸਤੇ ਨਿਕਲ ਗਏ ਅਤੇ ਕਿੱਟੀ ਕਿਲੇ ਦੇ ਬਾਹਰ ਮੈਦਾਨ ਵਿਚ ਖੇਡਣ ਲਗੀ।


ਕਿੱਟੀ ਖੇਡਦ-ਖੇਡਦੇ ਕੁਝ ਲੋਕਾਂ ਨੂੰ ਵੇਖ ਰਹੀ ਸੀ ਜੋ ਸ਼ਾਇਦ ਕਾਫੀ ਦੇਰ ਤੋਂ ਕਿਲੇ ਨੂੰ ਵੇਖਣ ਲਈ ਇਕ ਗਾਈਡ ਦੀ ਭਾਲ ਕਰ ਰਹੇ ਸਨ।
ਕਿੱਟੀ ਜਲਦੀ ਨਾਲ ਉਹਨਾਂ ਕੋਲ ਗਈ ਅਤੇ ਪੁੱਛਿਆ - ਕੀ ਤੁਸੀਂ ਕਿਲੇ ਨੂੰ ਵੇਖਣਾ ਚਾਹੁੰਦੇ ਹੋ। ਇਕ ਨੇ ਉੱਤਰ ਦਿੱਤਾ - ਹਾਂ ! ਕਿੱਟੀ ਨੇ ਕਿਹਾ - ਚਲੋ ਮੇਰੇ ਨਾਲ !
ਕਿੱਟੀ ਨੇ ਦੱਸਿਆ ਕਿ ਉਸਦੇ ਪਿਤਾ ਹੀ ਇਸ ਕਿਲੇ ਦੀ ਦੇਖ-ਰੇਖ ਕਰਦੇ ਹਨ। ਫਿਰ ਉਹ ਬੋਲੀ- ਆਓ ਮੈਂ ਤੁਹਾਨੂੰ ਕਿਲਾ ਦਿਖਾਂਦੀ ਹਾਂ। ਲੋਕੀ ਖੁਸ਼ ਸਨ ਕਿ ਕਿੱਟੀ ਉਹਨਾਂ ਦੀ ਮਦਦ ਕਰ ਰਹੀ ਸੀ।
ਕਿੱਟੀ ਨੇ ਨਾ ਕੇਵਲ ਉਹਨਾਂ ਨੂੰ ਕਿਲਾ ਵਿਖਾਇਆ ਬਲਕਿ ਹਰ ਇਕ ਚੀਜ਼ ਨੂੰ ਵਿਸਥਾਰ ਨਾਲ ਦੱਸਿਆ। ਉਥੇ ਆਏ ਲੋਕਾਂ ਨੇ ਸੋਚਿਆ ਵੀ ਨਹੀਂ ਸੀ ਕਿ ਐਨੀ ਛੋਟੀ ਜਿਹੀ ਉਮਰ ਵਿਚ ਕਿੱਟੀ ਐਨੀ ਚੰਗੀ ਗਾਈਡ ਸਾਬਿਤ ਹੋਵੇਗੀ।


ਪੂਰਾ ਕਿਲਾ ਵੇਖਣ ਤੋਂ ਬਾਅਦ ਜਾਂਦੇ ਹੋਏ ਉਹਨਾਂ ਨੇ ਕਿੱਟੀ ਨੂੰ ਕੁਝ ਇਨਾਮ ਦੇਣਾ ਚਾਹਿਆ, ਤਾਂ ਕਿੱਟੀ ਨੇ ਮਨ੍ਹਾ ਕਰ ਦਿੱਤਾ। ਉਹਨਾਂ ਨੇ ਕਿਹਾ - ਅਸੀਂ ਤਾਂ ਤੈਨੂੰ ਮਿਹਨਤ ਲਈ ਦੇ ਰਹੇ ਹਾਂ। ਕਿੱਟੀ ਨੇ ਇਹ ਕਹਿੰਦੇ ਹੋਏ ਮਨ੍ਹਾ ਕਰ ਦਿੱਤਾ ਕਿ ਮੇਰੇ ਮਾਂ-ਪਿਉ ਨੂੰ ਪਤਾ ਲਗੇਗਾ ਤਾਂ ਉਹ ਨਾਰਾਜ਼ ਹੋਣਗੇ।
ਇਕ ਵਿਅਕਤੀ ਨੇ ਕਿਹਾ - ਵੇਖ ਇਹ ਖਾਣ ਪੀਣ ਦਾ ਸਮਾਨ ਹੈ। ਇਸ ਨੂੰ ਤੂੰ ਇਥੇ ਹੀ ਖਾ ਲੈ। ਤੇਰੇ ਮਾਂ-ਪਿਉ ਨੂੰ ਪਤਾ ਨਹੀਂ ਲਗੇਗਾ। ਕਿੱਟੀ ਨੇ ਸਾਫ ਮਨ੍ਹਾ ਕਰ ਦਿਤਾ ਅਤੇ ਕਿਹਾ ਕਿ ਮੈਂ ਆਪਣੇ ਮਾਂ-ਪਿਉ ਤੋਂ ਕੁਝ ਵੀ ਨਹੀਂ ਛੁਪਾਂਦੀ।
ਇਕ ਵਿਅਕਤੀ ਕਹਿਣ ਲਗਾ - ਪਰ ਇਸ ਨਾਲ ਕੀ ਹੋਵੇਗਾ?
ਕਿੱਟੀ ਨੇ ਕਿਹਾ - ਜੇਕਰ ਮੈ ਆਪਣੇ ਮਾਂ-ਪਿਉ ਨੂੰ ਨਹੀਂ ਦੱਸਾਂਗੀ ਤਾਂ ਉਹ ਮੈਨੂੰ ਕਿਵੇਂ ਦੱਸਣਗੇ ਕਿ ਕੀ ਸਹੀ ਹੈ ਤੇ ਕੀ ਗਲਤ? ਮੈ ਚੰਗੀਆਂ ਗੱਲਾਂ ਕਿਵੇਂ ਸਿਖਾਂਗੀ? ਉਹ ਸਾਰੇ ਕਿੱਟੀ ਦੀ ਗੱਲ ਤੋਂ ਬਹੁਤ ਖੁਸ਼ ਹੋਏ ਅਤੇ ਉਸ ਨੂੰ ਬਹੁਤ ਅਸ਼ੀਰਵਾਦ ਦਿੱਤਾ।

❑ ਮਨਮੋਹਨ ਬਾਵਾ

# ਯੂਨੀਵਰਸ ਕੀ ਹੈ?




ਪਿਆਰੇ ਬੱਚਿਉ ! ਤੁਸੀਂ ਅਕਸਰ ਯੂਨੀਵਰਸ ਦੇ ਬਾਰੇ ਸੁਣਿਆਂ ਹੋਏਗਾ। ਜਦੋਂ ਐਸਟਰੋਲੋਮਰ ਜਾਂ ਖਗੋਲ ਸ਼ਾਸਤ੍ਰੀ ਯੂਨੀਵਰਸ ਸ਼ਬਦ ਦਾ ਇਸਤੇਮਾਲ ਕਰਦੇ ਹਨ ਤਾਂ ਉਹਨਾਂ ਦਾ ਮਤਲਬ ਸਪੇਸ ਅਤੇ ਉਸ ਵਿਚ ਜਿੰਨੀਆਂ ਵੀ ਚੀਜ਼ਾਂ ਹਨ ਜਿਵੇਂ ਸੂਰਜ, ਚੰਨ, ਸਿਤਾਰੇ, ਐਸਟਰਾਈਡ ਹਨ ਉਹਨਾਂ ਨਾਲ ਹੁੰਦਾ ਹੈ। ਇਕ ਲਾਈਟ ਈਯਰ (ਪ੍ਰਕਾਸ਼ ਵਰਸ਼) ਵਿਚ ਲਗਭਗ 6 ਬਿਲੀਅਨ ਮੀਲ ਹੁੰਦੇ ਹਨ। ਗੈਲੇਕਸੀ ਨੂੰ ਮਿਲਕੀ ਵੇ ਕਹਿੰਦੇ ਹਨ। ਇਸ ਦੀ ਲੰਬਾਈ ਲਗਭਗ ਇਕ ਲੱਖ ਲਾਈਟ ਈਯਰਸ ਹੈ, ਜਦ ਕਿ ਲੱਖਾਂ ਗੈਲੇਕਸੀਆਂ ਯੂਨੀਵਰਸ ਵਿਚ ਮੌਜੂਦ ਹਨ ਅਤੇ ਜੋ ਸਭ ਤੋਂ ਨੇੜੇ ਗੈਲੇਕਸੀ ਹੈ, ਉਸ ਦੀ ਦੂਰੀ ਲਗਭਗ 20 ਲੱਖ ਲਾਈਟ ਈਯਰਸ ਹੈ ਅਤੇ ਦੂਰ ਦੀ ਗੈਲੇਕਸੀ ਤਾਂ ਬਿਲੀਅਨਾਂ ਲਾਈਟ ਈਯਰਸ ਦੂਰ ਹਨ।

ਐਸਟਰੋਲੋਮਰਸ ਦਾ ਮੰਨਣਾ ਹੈ ਕਿ ਯੂਨੀਵਰਸ ਦੇ ਜਿਸ ਹਿੱਸੇ ਦੀ ਅਸੀਂ ਜਾਣਕਾਰੀ ਕਰ ਰਹੇ ਹਾਂ ਉਹ ਪੂਰੇ ਯੂਨੀਵਰਸ ਦਾ ਮਾਤਰ ਇਕ ਹਿੱਸਾ ਹੈ। ਜਦੋਂ ਐਸਟਰੋਲੋਮਰਸ ਇਸ ਗੱਲ ਦਾ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਅਜੇ ਕਿੰਨਾਂ ਯੂਨੀਵਰਸ ਬਾਕੀ ਹੋਵੇਗਾ ਤਾਂ ਸਪੇਸ ਦੀ ਪ੍ਰਕਿਰਤੀ ਵਿਚ ਹੀ ਉਲਝ ਜਾਂਦੇ ਹਨ।

ਵਰਤਮਾਨ ਥਿਊਰੀ ਇਹ ਹੈ ਕਿ ਸਪੇਸ ਆਪਣੇ ਆਪ ਵਿਚ ਘੁੰਮ ਜਾਂਦੀ ਹੈ। ਇਸ ਦਾ ਅਰਥ ਇਹ ਹੈ ਕਿ ਤੁਸੀਂ ਕਦੇ ਸਪੇਸ ਤੋਂ ਬਾਹਰ ਜਾ ਹੀ ਨਹੀਂ ਸਕਦੇ ਕਿਉਂਕਿ ਤੁਹਾਡਾ ਰਾਹ ਹਮੇਸ਼ਾ ਘੁੰਮ ਕੇ ਉਥੇ ਹੀ ਆ ਜਾਏਗਾ ਜਿਥੋਂ ਤੁਸੀਂ ਚੱਲੇ ਸੀ। ਮਿਸਾਲ ਦੇ ਤੌਰ ਤੇ ਜਦੋਂ ਕੋਈ ਹਵਾਈ ਜਹਾਜ਼ ਦਿੱਲੀ ਤੋਂ ਸਿੰਗਾਪੁਰ ਜਾਂਦਾ ਹੈ ਤਾਂ ਉਹ ਅਸਲ ਵਿਚ ਸਿੱਧੀ ਲਾਈਨ 'ਚ ਨਹੀ ਉਡੱਦਾ ਕਿਉਂਕਿ ਪ੍ਰਿਥਵੀ ਗੋਲਾਕਾਰ ਹੈ। ਇਸ ਲਈ ਜੇਕਰ ਹਵਾਈ ਜਹਾਜ਼ ਸਿੱਧੀ ਲਾਈਨ ਵਿਚ ਉਡੇਗਾ ਤਾਂ ਉਹ ਜਿਸ ਸਮੇਂ ਤਕ ਸਿੰਗਾਪੁਰ ਦੇ ਉਤੇ ਹੋਵੇਗਾ ਤਾਂ ਉਹ ਹਵਾ ਵਿਚ ਹਜ਼ਾਰਾਂ ਮੀਲ ਉਤੇ ਹੋ ਜਾਵੇਗਾ। ਹਵਾਈ ਜਹਾਜ਼ ਅਰਧ ਗੋਲਾਕਾਰ ਰਸਤੇ ਤੇ ਚਲਦਾ ਹੈ। ਜੇਕਰ ਹਵਾਈ ਜਹਾਜ਼ ਉਸੇ ਗੋਲਾਕਾਰ ਰਾਹ ਉਤੇ ਚਲਦਾ ਰਹੇ ਬਿਨਾਂ ਸਿੰਗਾਪੁਰ ਰੁਕੇ ਤਾਂ ਉਹ ਵਾਪਿਸ ਦਿੱਲੀ ਹੀ ਆ ਜਾਏਗਾ। ਸਪੇਸ ਗੋਲਾਕਾਰ ਤਾਂ ਹੈ ਪਰ ਖਾਸ ਤਰੀਕੇ ਨਾਲ। ਪ੍ਰਿਥਵੀ ਦੀ ਤਰ੍ਹਾਂ ਸਾਧਾਰਣ ਗੋਲਾਕਾਰ ਨਹੀਂ ਹੈ। ਸਪੇਸ ਜਿਸ ਤਰ੍ਹਾਂ ਗੋਲਾਕਾਰ ਹੈ ਉਸ ਦੀ ਤਸਵੀਰ ਕਾਗਜ਼ ਤੇ ਨਹੀਂ ਬਣਾਈ ਜਾ ਸਕਦੀ ਅਤੇ ਨਾ ਹੀ ਉਸ ਦਾ ਮਾਡਲ ਬਣਾਇਆ ਜਾ ਸਕਦਾ ਹੈ ਲੇਕਿਨ ਜਟਿਲ ਗਣਿਤ ਨਾਲ ਇਸ ਦਾ ਇਕ ਅੰਦਾਜ਼ਾ ਲਾਇਆ ਜਾ ਸਕਦਾ ਹੈ ਜਿਸ ਨੂੰ ਤੁਸੀਂ ਵੱਡੇ ਹੋ ਕੇ ਹੀ ਸਮਝ ਸਕਦੇ ਹੋ।

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਕਸ਼ਮੀਰੀ
2) ਗੋਦਾਵਰੀ
3) ਵੀ.ਵੀ ਗਿਰੀ
4) ਬੰਦਰਸੇਰੀ
5) ਗਾਂਧਾਰੀ
6) ਪੁਰੀ
7) ਸੀ. ਰਾਜਗੋਪਾਲਾਚਾਰੀ
8) ਜਨਵਰੀ
9) ਸ਼ਬਰੀ
10) ਪਾਵਾਪੁਰੀ
11) ਕਰਣਮ ਭਲੇਸ਼ਵਰੀ
12) ਮਣੀਪੁਰੀ
13) ਮੇਰੀ ਕਿਊਰੀ
14) ਕੰਨਿਆ ਕੁਮਾਰੀ
15) ਮੀਨਾ ਕੁਮਾਰੀ

❑ ਦਿਨੇਸ਼ ਦਰਪਣ

# ਅੰਬ ਅਤੇ ਬਾਂਸ

ਬਾਂਸਾ ਦੇ ਝੁਰਮੁਟ ਦੇ ਕੋਲ ਇਕ ਹੀ ਅੰਬ ਦਾ ਰੁੱਖ ਸੀ। ਬਾਂਸ ਉਚੱਾ ਸੀ ਲੇਕਿਨ ਅੰਬ ਦਾ ਰੁੱਖ ਬਾਂਸ ਦੀ ਤੁਲਨਾ ਵਿਚ ਬਹੁਤ ਛੋਟਾ ਸੀ। ਇਕ ਦਿਨ ਬਾਂਸ ਨੇ ਅੰਬ ਨੂੰ ਕਿਹਾ – ਵੇਖ ਨਹੀਂ ਰਿਹਾ ਮੈਂ ਕਿੰਨਾ ਵੱਡਾ ਹੋ ਗਿਆ ਹਾਂ ਅਤੇ ਕਿੰਨੀ ਤੇਜ਼ੀ ਨਾਲ ਵੱਧ ਰਿਹਾ ਹਾਂ। ਇਕ ਤੂੰ ਹੈ ਜੋ ਐਨੀ ਉਮਰ ਹੋਣ ਦੇ ਬਾਅਦ ਅੱਜ ਵੀ ਨਿੱਕਾ ਜਿਹਾ ਹੀ ਹੈ।

ਬਾਂਸ ਦੀ ਕਿਸਮਤ ਦੀ ਅੰਬ ਨੇ ਤਰੀਫ ਕੀਤੀ ਪਰੰਤੂ ਉਸ ਨੇ ਆਪਣੀ ਸਥਿਤੀ ਉਤੇ ਵੀ ਅਫਸੋਸ ਪ੍ਰਗਟ ਨਹੀਂ ਕੀਤਾ।

ਸਮਾਂ ਆਪਣੀ ਗਤੀ ਨਾਲ ਬੀਤਦਾ ਰਿਹਾ। ਸਥਿਤੀ ਵਿਚ ਪਰਿਵਰਤਨ ਆਇਆ, ਬਾਂਸ ਪੱਕ ਕੇ ਸੁੱਕਣ ਲੱਗਾ ਸੀ ਪਰੰਤੂ ਹਰੇ ਭਰੇ ਅੰਬ ਦੀਆਂ ਡਾਲੀਆਂ ਫਲਾਂ ਨਾਲ ਲੱਦੀਆਂ ਸਨ। ਫਲਾਂ ਨਾਲ ਲੱਦਣ ਦੇ ਕਾਰਣ ਉਹ ਪਹਿਲੇ ਤੋਂ ਵੱਧ ਝੁਕ ਗਈਆਂ। ਇਹ ਵੇਖ ਕੇ ਬਾਂਸ ਫਿਰ ਤੋਂ ਹੰਕਾਰ ਵਿਚ ਆਇਆ ਅਤੇ ਕਿਹਾ – ਵੇਖ ਮੈ ਕਿੰਨਾ ਸੁਨਹਿਰਾ ਹੋ ਗਿਆ ਹਾਂ ਅਤੇ ਬਿਨਾ ਪੱਤਿਆਂ ਤੋਂ ਵੀ ਦੂਰ ਦੂਰ ਤੋਂ ਕਿੰਨਾ ਸੁਨਹਿਰਾ ਦਿਸਦਾ ਹਾਂ। ਇਕ ਤੂੰ ਹੈ ਜਿਸ ਨੂੰ ਫਲਾਂ ਨਾਲ ਲੱਦਿਆ ਹੋਣ ਕਾਰਣ ਥੱਲੇ ਝੁਕਣਾ ਪੈ ਰਿਹਾ ਹੈ।

ਬਾਂਸ ਦੀ ਜਲੀ-ਕਟੀ ਗੱਲ ਸੁਣ ਕੇ ਵੀ ਅੰਬ ਨੇ ਆਪਣੇ ਬਾਰੇ ਕੁਝ ਵੀ ਨਹੀਂ ਕਿਹਾ ਬਲਕਿ ਬਾਂਸ ਦੀ ਹੀ ਤਰੀਫ ਕੀਤੀ। ਕੁਝ ਸਮੇਂ ਬਾਅਦ ਉਥੇ ਇਕ ਯਾਤਰੀਆਂ ਦਾ ਸਮੂਹ ਆਇਆ ਜਿਨ੍ਹਾਂ ਨੂੰ ਉਥੇ ਰੁਕਣ ਲਈ ਜਗ੍ਹਾ ਦੀ ਤਲਾਸ਼ ਸੀ। ਉਨ੍ਹਾਂ ਨੂੰ ਰਾਤ ਰੁਕਣ ਲਈ ਅੰਬ ਦਾ ਰੁੱਖ ਪਸੰਦ ਆ ਗਿਆ। ਉਹਨਾਂ ਨੇ ਉਸੇ ਅੰਬ ਦੇ ਰੁੱਖ ਥੱਲੇ ਆਪਣਾ ਡੇਰਾ ਲਾ ਲਿਆ।

ਜਦ ਭੋਜਨ ਬਣਾਉਣ ਲਈ ਉਹਨਾਂ ਨੂੰ ਲੱਕੜੀ ਦੀ ਜ਼ਰੂਰਤ ਸੀ ਤਾਂ ਉਹਨਾਂ ਨੇ ਲੱਕੜੀ ਤਲਾਸ਼ ਕਰਨ ਲਈ ਇਧਰ-ਉਧਰ ਆਪਣੀਆਂ ਨਜ਼ਰਾਂ ਫੇਰੀਆਂ ਤਾਂ ਉਹਨਾਂ ਨੂੰ ਆਪਣੇ ਕੋਲ ਹੀ ਇਕ ਸੁੱਕਾ ਅਤੇ ਪੀਲਾ ਬਾਂਸ ਨਜ਼ਰ ਆਇਆ। ਉਹਨਾਂ ਨੇ ਉਸ ਨੂੰ ਫੌਰਨ ਕੱਟ ਦਿੱਤਾ ਅਤੇ ਜਲਾਉਣਾ ਸ਼ੁਰੂ ਕਰ ਦਿੱਤਾ ਤਾਕਿ ਭੋਜਨ ਬਣਾਇਆ ਜਾਵੇ। ਆਪਣੇ ਆਪ ਨੂੰ ਜਲਦੇ ਹੋਏ ਵੇਖ ਕੇ ਬਾਂਸ ਬੜਬੜਾਉਣ ਲੱਗਾ ਲੇਕਿਨ ਅੰਬ ਦੇ ਰੁੱਖ ਨੂੰ ਆਪਣੇ ਥੱਲੇ ਕਿਸੇ ਨੂੰ ਬੈਠੇ ਵੇਖ ਕੇ ਬਹੁਤ ਚੰਗਾ ਲੱਗਾ ਅਤੇ ਉਸ ਨੂੰ ਵੀ ਕਿਸੇ ਦੀ ਮਦਦ ਕਰਨ ਵਿਚ ਬਹੁਤ ਖੁਸ਼ੀ ਅਤੇ ਸੁਖ-ਸੰਤੋਸ਼ ਮਹਿਸੂਸ ਹੋਇਆ।



❑ ਜਗਤਾਰ ਚਮਨ

# ਪਾਣੀ

ਪਾਣੀ ਇਕ ਅਨਮੋਲ ਦਾਤ ਹੈ।
ਧਰਤੀ ਲਈ ਰੱਬੀ ਸੌਗਾਤ ਹੈ।

ਇਕ-ਇਕ ਬੂੰਦ ਜੀਹਦੀ ਅਨਮੋਲ,
ਅਣਗਹਿਲੀ ਵਿਚ ਦੇਈਏ ਨਾ ਰੋਲ।

ਕਦਰ ਸਦਾ ਪਾਣੀ ਦੀ ਕਰੀਏ,
ਇਹ ਅੰਮ੍ਰਿਤ ਜੀਵਨ ਵਿਚ ਭਰੀਏ।

ਪਾਣੀ ਜੀਵਨ ਲਈ ਜਰੂਰੀ,
ਹਰ ਪ੍ਰਾਣੀ ਲਈ ਲੋੜ ਹੈ ਪੂਰੀ।

ਸੂਝਵਾਨ ਤੇ ਸਿਆਣੇ ਲੋਕ,
ਕਰਦੇ ਇਸ ਦਾ ਸਹੀ ਉਪਯੋਗ।

ਧਰਤੀ ਦੇ ਲਈ ਜਾਨ ਹੈ ਪਾਣੀ,
ਪਾਣੀ ਬਿਨ ਧਰਤੀ ਮਰ ਜਾਣੀ।

ਜਿੰਨਾਂ ਵੀ ਹੋ ਸਕੇ ਬਚਾਈਏ,
ਐਵੇਂ ਨਾ ਵਿਅਰਥ ਗਵਾਈਏ।

ਪਾਣੀ ਨਾਲ 'ਚਮਨ' ਹਰਿਆਲੀ,
ਅਮਨ-ਚੈਨ ਅਤੇ ਖੁਸ਼ਹਾਲੀ।






- ❖ ਸ਼ੁਤਰਮੁਰਗ ਭਾਵੇਂ ਉਡੱਦਾ ਨਹੀਂ ਪਰ ਇਹ 70 ਕਿਲੋਮੀਟਰ ਪ੍ਰਤਿ ਘੰਟੇ ਦੀ ਰਫਤਾਰ ਨਾਲ ਦੌੜ ਸਕਦਾ ਹੈ।
- ❖ ਸ਼ੁਤਰਮੁਰਗ ਦੀ ਉਚਾਈ ਲਗਭਗ 9 ਫੁੱਟ ਹੁੰਦੀ ਹੈ।
- ❖ ਮੱਕੜੀ ਆਪਣੇ ਪੇਟ ਦੀਆਂ ਗ੍ਰੰਥੀਆਂ ਵਿਚੋਂ ਨਿਕਲਣ ਵਾਲੇ ਰੇਸ਼ਮ ਦੇ ਮਹੀਨ ਧਾਗਿਆਂ ਨਾਲ ਆਪਣਾ ਜਾਲ ਬੁਣਦੀ ਹੈ।
- ❖ ਪਵਿੱਤਰ ਗ੍ਰੰਥ ਬਾਈਬਲ ਸਭ ਤੋਂ ਜ਼ਿਆਦਾ ਭਾਸ਼ਾਵਾਂ ਅਤੇ ਲਿੱਪੀਆਂ ਵਿਚ ਛਪੀ ਹੈ।
- ❖ ਦਿੱਲੀ ਦੇ ਸੁਲਤਾਨ ਅਲਾਉਦੀਨ ਖਿਲਜੀ ਨੇ ਬਾਜਾਰ ਕੰਟਰੋਲ ਵਿਵਸਥਾ ਸ਼ੁਰੂ ਕੀਤੀ ਸੀ।
- ❖ ਮੁਗਲਕਾਲ ਵਿਚ ਪੁਰਤਗਾਲੀ ਵਿਦੇਸ਼ੀ ਵਪਾਰੀ ਬਣ ਕੇ ਭਾਰਤ ਆਏ ਸਨ।
- ❖ ਕੋਹਰੇ ਵਿਚ ਸਾਫ ਪਾਣੀ ਦੀਆਂ ਬੂੰਦਾਂ ਹੁੰਦੀਆਂ ਹਨ ਫਿਰ ਵੀ ਸਾਨੂੰ ਕੋਹਰੇ ਅੰਦਰ ਸਾਫ ਇਸ ਲਈ ਨਹੀਂ ਨਜ਼ਰ ਆਉਂਦਾ ਕਿਉਂਕਿ ਪਾਣੀ ਦੀਆਂ ਬੂੰਦਾਂ ਜਿਆਦਾਤਰ ਪ੍ਰਕਾਸ਼ ਨੂੰ ਤਬਦੀਲ ਕਰ ਦਿੰਦੀਆਂ ਹਨ।
- ❖ ਭਾਰਤੀ ਨੌਸੈਨਿਕ ਤਟਰੱਖਿਅਕ ਸੈਨਾ ਦੀ ਸਥਾਪਨਾ ਸੰਨ 1977 ਵਿਚ ਹੋਈ ਸੀ।
- ❖ ਬੰਗਾਲ ਕਲਬ ਆਫ ਕਲਕਤਾ ਦੀ ਸਥਾਪਨਾ ਸੰਨ 1827 ਵਿਚ ਹੋਈ ਸੀ।
- ❖ ਯੂਨਿਟ ਟਰਸਟ ਆਫ ਇੰਡੀਆ ਦੀ ਸ਼ੁਰੂਆਤ ਸੰਨ 1964 ਵਿਚ ਹੋਈ ਸੀ।
- ❖ ਪਲੇਟੀਪਸ ਨੂੰ ਕਈ ਜੰਤੂਆਂ ਦਾ ਮਿਸ਼ਰਣ ਕਿਹਾ ਜਾਂਦਾ ਹੈ।
- ❖ ਭਾਰਤ ਦੇ ਪ੍ਰਮੁੱਖ ਚਾਰ ਸ਼ਾਸ਼ਤਰੀ ਨਾਚਾਂ ਵਿਚੋਂ ਮੋਹਿਨੀਲਟਮ ਨਾਚ ਗਰੁਪ ਵਿਚ ਨਹੀਂ ਕੇਵਲ ਇਕੱਲੇ ਹੀ ਪੇਸ਼ ਕੀਤਾ ਜਾਂਦਾ ਹੈ।
- ❖ ਭਾਰਤ ਪਾਕਿਸਤਾਨ ਦੀ ਸੀਮਾ ਨੂੰ ਨਿਰਧਾਰਿਤ ਕਰਨ ਵਾਲੀ ਲਾਈਨ ਨੂੰ ''ਰੈਡ ਕਲੀਫ ਲਾਈਨ'' ਕਿਹਾ ਜਾਂਦਾ ਹੈ।
- ❖ ਅੰਗਹੀਨ ਵਿਅਕਤੀਆਂ ਲਈ ਵਿਸ਼ੇਸ਼ ਰੂਪ ਨਾਲ ਬਣਾਏ ਗਏ ਕੰਪਿਊਟਰ ਦਾ ਨਾਂ ਹੈ ''ਆਲ ਰਾਈਟ''।
- ❖ ਨਾਇਰਸ ਆਕਸਾਈਡ ਇਕ ਅਜੇਹੀ ਗੈਸ ਹੈ ਜਿਸ ਨੂੰ ਸੁੰਘਣ ਨਾਲ ਮਨੁੱਖ ਹੱਸਣ ਲੱਗ ਜਾਂਦਾ ਹੈ।

ਸੰਗ੍ਰਹਿਕਰਤਾ - ਵਿਭਾ ਵਰਮਾ

❑ ਰਾਧੇਲਾਲ ਨਵਚੱਕਰ

# ਜਨਮਭੂਮੀ ਨਾਲ ਪਿਆਰ

ਕਿਸੇ ਹਵਾਈ ਅੱਡੇ ਉਤੇ ਇਕ ਜਗ੍ਹਾ ਤੇ ਹੈਲੀਕੌਪਟਰ ਅਤੇ ਹਵਾਈ ਜਹਾਜ ਖੜੇ ਹੋਏ ਸਨ। ਦੋਹਾਂ ਤੋਂ ਕੁਝ ਹੀ ਦੂਰੀ ਤੇ ਇਕ ਮੋਟਰਕਾਰ ਵੀ ਖੜੀ ਸੀ।

ਹੈਲੀਕੌਪਟਰ ਨੇ ਹਵਾਈ ਜਹਾਜ ਨੂੰ ਕਿਹਾ - ਮੈਂ ਆਪਣੇ ਦੇਸ਼ ਦੀ ਜਿੰਨੀ ਵੀ ਵਡਿਆਈ ਕਰਾਂ, ਘੱਟ ਹੀ ਹੋਵੇਗੀ।

''ਕੀ ਨਾਂ ਹੈ ਤੁਹਾਡੇ ਦੇਸ਼ ਦਾ? - ਹਵਾਈ ਜਹਾਜ ਨੇ ਪੁੱਛਿਆ।

ਫਰਾਂਸ - ਮਾਣ ਨਾਲ ਹੈਲੀਕੌਪਟਰ ਨੇ ਕਿਹਾ, - ਉਥੇ ਹੀ ਮੇਰਾ ਜਨਮ ਹੋਇਆ।

ਭਰਾ, ਮੈਨੂੰ ਵੀ ਆਪਣਾ ਦੇਸ਼ ਪਸੰਦ ਹੈ। ਹਰ ਸੁਖ ਸੁਵਿਧਾ ਉਥੇ ਪ੍ਰਾਪਤ ਹੈ।'' ਹਵਾਈ ਜਹਾਜ ਨੇ ਕਿਹਾ।

ਕਿਹੜਾ ਹੈ ਤੁਹਾਡਾ ਦੇਸ਼? - ਹੈਲੀਕੌਪਟਰ ਨੇ ਪੁੱਛਿਆ।

ਅਮਰੀਕਾ ! - ਜਵਾਬ ਦਿੰਦੇ ਹੋਏ ਜਹਾਜ ਨੇ ਕਿਹਾ - ਜੋ ਸਾਡੀ ਜਨਮਭੂਮੀ ਹੈ।

ਦੋਹਾਂ ਦੀਆਂ ਗੱਲਾਂ ਸੁਣ ਕੇ ਮੋਟਰਕਾਰ ਚੁੱਪ ਨਾ ਰਹਿ ਸਕੀ। ਪੁੱਛਣ ਲੱਗੀ - ਜੇਕਰ ਅਗਲਾ ਜਨਮ ਤੁਹਾਨੂੰ ਦੋਹਾਂ ਨੂੰ ਆਪਣੀ ਪਸੰਦ ਨਾਲ ਲੈਣਾ ਪਏ ਤਾਂ ਤੁਸੀਂ ਕਿੱਥੇ ਜਨਮ ਲਓਗੇ?

ਇਸ ਸਵਾਲ ਉਤੇ ਦੋਵੇਂ ਕੁਝ ਦੇਰ ਸੋਚਣ ਲੱਗੇ। ਫਿਰ ਹੈਲੀਕੌਪਟਰ ਬੋਲਿਆ। - ਮੈਂ ਅਮਰੀਕਾ ਵਿਚ ਜਨਮ ਲੈਣਾ ਚਾਹਾਂਗਾ।

ਮੈਂ ਫਰਾਂਸ ਵਿਚ - ਇਹ ਹਵਾਈ ਜਹਾਜ ਦਾ ਕਹਿਣਾ ਸੀ।

ਦੋਹਾਂ ਦੀਆਂ ਗੱਲਾਂ ਸੁਣ ਕੇ ਮੋਟਰਕਾਰ ਰਹੱਸਮਈ ਢੰਗ ਨਾਲ ਮੁਸਕੁਰਾਈ। ਮੈਂ ਜਰਮਨੀ ਵਿਚ ਜਨਮ ਲਵਾਂਗੀ। ਜਿੰਨੀ ਵਾਰ ਵੀ ਮੈਨੂੰ ਜਨਮ ਲੈਣਾ ਪਏਗਾ, ਮੈਂ ਜਰਮਨੀ ਵਿਚ ਹੀ ਜਨਮ ਲਵਾਂਗੀ।

ਇਸ ਤਰ੍ਹਾਂ ਕਿਉਂ? ਦੋਵੇਂ ਹੈਰਾਨ ਹੋ ਗਏ।

ਮੈਨੂੰ ਆਪਣੀ ਜਨਮਭੂਮੀ ਸਿਰਫ ਸਾਰੀ ਦੁਨੀਆਂ ਤੋਂ ਹੀ ਨਹੀਂ, ਆਪਣੀ ਜਾਨ ਤੋਂ ਵੀ ਜ਼ਿਆਦਾ ਪਿਆਰੀ ਹੈ। ਚਾਹੇ ਉਹ ਜਿਵੇਂ ਦੀ ਵੀ ਹੈ। ਮੋਟਰਕਾਰ ਨੇ ਕਰਾਰਾ ਜੁਆਬ ਦਿੱਤਾ ਅਤੇ ਹਾਂ... ਇਸ ਸਮੇਂ ਤੁਸੀਂ ਦੋਵੇਂ ਸਾਡੇ ਦੇਸ਼ ਦੇ ਹਵਾਈ ਅੱਡੇ ਉਤੇ ਖੜੇ ਹੋ। ਇਹੀ ਹੈ ਸਾਡੇ ਦੇਸ਼ ਦੀ ਜਨਮਭੂਮੀ।

ਆਪਣੀ ਜਨਮਭੂਮੀ ਦੇ ਪ੍ਰਤੀ ਮੋਟਰਕਾਰ ਦਾ ਸੱਚਾ ਪਿਆਰ ਵੇਖ ਕੇ ਦੋਵੇਂ ਆਪਣੇ ਆਪ ਸ਼ਰਮਿੰਦਾ ਹੋ ਗਏ। ■



❑ ਬਲਵਿੰਦਰ ਬਾਲਮ

# ਕੈਨੇਡਾ ਦੀ ਖ਼ੂਬਸੂਰਤ ਨਗਰੀ

# ਕੈਨਮੋਰ

ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।
ਕਾਇਨਾਤ ਚੁਫੇਰੇ ਹੱਸਦੀ ਕੈਨਮੋਰ।

ਉਚੱ ਬੁਲੰਦੀ ਵਿਚ ਜਾਦੂਗਰ ਪਰਬਤ ਨੇ।
ਝਰਨੇ ਖਾਰੇ, ਠੰਡੇ, ਮਿੱਠੇ ਸ਼ਰਬਤ ਨੇ।
ਆਪਣਾ ਅਦਭੁਤ ਜਲਵਾ ਦੱਸਦੀ ਕੈਨਮੋਰ।
ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।


ਦਿਲਕਸ਼ ਪਰਬਤ ਹੱਸ-ਹੱਸ ਕਰਦੇ ਅਭਿਵਾਦਨ।
ਰੁੱਖਾਂ ਦੀ ਹਰਿਆਲੀ ਸ਼ੁਭ-ਮੰਗਲ ਪਾਵਨ।
ਠੰਡੀ ਹਵਾ ਵਿਚ ਧੁੱਪ ਹੈ ਹੱਸਦੀ ਕੈਨਮੋਰ।
ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।

ਕਾਲੀ ਗੁਣਕਾਰੀ ਧਰਤੀ ਗੋਰੇ ਲੋਕ।
ਵਾਂਗ ਖਿਲੌਣੇਂ ਲਗਦੇ ਨਾ ਕੋਈ ਰੋਕ ਟੋਕ।
ਖੋਏ ਵਾਲੀ ਕੁਲਫੀ ਰੱਸਦੀ ਕੈਨਮੋਰ।
ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।

ਰੰਗ-ਬਿਰੰਗੇ ਫੁੱਲਾਂ ਵਰਗੇ ਰੁੱਖਾਂ ਦਾ।
ਇੱਕ ਅਲੌਕਿਕ ਮਰਮ ਸਪਰਸ਼ੀ ਧੁੱਪਾਂ ਦਾ।
ਪੁੱਟ ਪੁਲਾਘਾਂ ਹਿਰਨੀ ਨੱਸਦੀ ਕੈਨਮੋਰ।
ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।

ਰੰਗ-ਬਿਰੰਗੇ ਬੱਦਲ ਬਿੰਬ ਬਣਾਉਂਦੇ ਨੇ।
ਸੂਰਜ ਨੂੰ ਇਕ ਜਾਦੂ ਨਾਲ ਸਜਾਉਂਦੇ ਨੇ।
ਧਰਤੀ ਮਾਂ ਦਾ ਸਿਰ ਹੈ ਝੱਸਦੀ ਕੈਨਮੋਰ।
ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।

ਜੀ ਕਰਦਾ ਏ ਇਸ ਨੂੰ ਚੁੱਕ ਕੇ ਲੈ ਜਾਵਾਂ।
'ਬਾਲਮ' ਖੈਰਾਂ ਪਾਵਣ ਮਸਕੀਨ ਹਵਾਵਾਂ।
ਸ਼ੁਹਰਤ ਦੀ ਤਹਿਜ਼ੀਬ ਹੈ ਦੱਸਦੀ ਕੈਨਮੋਰ।
ਸੁੰਦਰਤਾ ਦੀ ਜੰਨਤ ਵੱਸਦੀ ਕੈਨਮੋਰ।



# ਗੁਰੂ ਗੋਰਖਨਾਥ ਦਾ ਮੰਦਰ



ਪ੍ਰਸਿੱਧ ਮੰਦਿਰ ਬਾਬਾ ਸਿੱਧ ਗੋਰਿਆ ਪਿੰਡ ਖਾਨ ਵਿਚ ਹੈ। ਇਹ ਥਾਂ ਨਾਥ ਪੰਥੀ ਸਾਧੂਆਂ ਨਾਲ ਜੁੜਿਆ ਹੈ। ਬਾਬਾ ਸਿੱਧ ਗੋਰਿਆ ਜੀ ਗੋਰਖਨਾਥ ਜੀ ਦੇ ਚੇਲੇ ਸਨ। ਇਸ ਮੰਦਰ ਤਕ ਪਹੁੰਚਣ ਲਈ ਸਾਂਬਾ ਤੋਂ ਪਹਿਲਾਂ ਵਿਜੇਪੁਰ ਕਸਬਾ ਆਉਂਦਾ ਹੈ। ਇਹ ਸਥਾਨ ਜੰਮੂ ਤੋਂ ਲਗਭਗ 35 ਕਿਲੋਮੀਟਰ ਦੂਰ ਹੈ। ਇਸ ਕਸਬੇ ਤੋਂ ਲਗਭਗ ਸੱਤ ਕਿਲੋਮੀਟਰ ਅੱਗੇ ਪਿੰਡ ਖਾਨ ਵਿਚ ਬਾਬਾ ਸਿੱਧ ਗੋਰਿਆ ਜੀ ਦਾ ਮਨਮੋਹਕ, ਅਧਿਆਤਮਿਕ ਮੰਦਰ ਹੈ।

ਉੱਤਰ ਭਾਰਤ ਦੀਆਂ ਧਾਰਮਿਕ ਥਾਂਵਾਂ ਵਿਚ ਇਸ ਤੀਰਥ ਸਥਾਨ ਦਾ ਨਾਂ ਸਭ ਤੋਂ ਉਤਮ ਹੈ। ਇਹ ਮੰਦਰ ਵਿਸ਼ਾਲ ਅਤੇ ਕਈ ਏਕੜ ਵਿਚ ਸਥਿਤ ਹੈ।


ਖੇਤੀਬਾੜੀ ਵਾਲਾ ਇਲਾਕਾ ਹੋਣ ਦੇ ਕਾਰਣ ਕਿਸਾਨਾਂ ਦੇ ਇਲਾਵਾ ਸਾਰੇ ਧਰਮਾਂ ਦੇ ਲੋਕ ਇਥੇ ਆਉਂਦੇ ਹਨ। ਖਾਸ ਤੌਰ ਤੇ ਪੰਜਾਬ, ਹਿਮਾਚਲ, ਹਰਿਆਣਾ, ਦਿੱਲੀ, ਜੰਮੂ-ਕਸ਼ਮੀਰ ਤੋਂ ਇਲਾਵਾ ਕਈ ਸ਼ਰਧਾਲੂ ਵਿਦੇਸ਼ਾਂ ਵਿਚ ਰਹਿੰਦੇ ਹੋਏ ਵੀ ਇਸ ਸਥਾਨ ਤੇ ਸ਼ਰਧਾ ਨਾਲ ਜੁੜੇ ਹਨ।

ਇਸ ਮੰਦਰ ਵਿਚ ਪ੍ਰਵੇਸ਼ ਕਰਦੇ ਹੀ ਪਹਿਲਾਂ ਹੋਏ ਮਹੰਤਾਂ ਦੀਆਂ ਮੂਰਤੀਆਂ ਸ਼ਰਧਾਲੂਆਂ ਨੂੰ ਆਸ਼ੀਰਵਾਦ, ਸ਼ੁਭਕਾਮਨਾਵਾਂ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ। ਸਾਹਮਣੇ ਮੰਦਰ ਦੀ ਨਵੀਂ ਇਮਾਰਤ ਸੰਗਮਰਮਰ ਨਾਲ ਸੱਜੀ ਹੋਈ ਹੈ। ਵੱਡੇ ਰੁੱਖ ਦੇ ਥੱਲੇ ਕਈ ਸਮਾਧੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਖੁਦ ਨਤਮਸਤਕ ਹੋਣ ਨੂੰ ਜੀਅ ਕਰਦਾ ਹੈ। ਇਸ ਦੇ ਨਾਲ ਹੀ ਸ਼ਿਵਲਿੰਗ ਦੀ ਸੁੰਦਰ ਮੂਰਤੀ ਅਤੇ ਸਾਹਮਣੇ ਬੈਠਾ ਮੂਰਤੀਰੂਪ ਬੈਲ ਹੈ। ਇਸ ਦੇ ਨਾਲ ਹੀ ਸਿੱਧ ਗੋਰਿਆ ਜੀ ਦੀ ਮੂਰਤੀ , ਸਮਾਧੀ ਵਿਚ ਸ਼ਕਤੀ ਦੀ ਸਰੂਪ ਹੈ, ਜਿਥੇ ਸ਼ਰਧਾਲੂ ਮੱਥਾ ਟੇਕ ਕੇ ਅਸ਼ੀਰਵਾਦ ਨਾਲ ਝੋਲੀਆਂ ਭਰਦੇ ਹਨ।

ਇਸ ਤੋਂ ਇਲਾਵਾ ਭੈਰੋਨਾਥ ਦਾ ਆਸਣ, ਬਾਬਾ ਸਿੱਧ ਗੋਰਿਆ ਦਾ ਧੂਣਾ, ਬਾਬਾ ਸੁਰਗਲ, ਗੋਸ਼ਾਲਾ ਦੇ ਇਲਾਵਾ ਲੰਗਰ ਭਵਨ ਹੈ, ਜਿਥੇ ਦਿਨ-ਰਾਤ ਲੰਗਰ ਦੀ ਵਿਵਸਥਾ ਹੈ। ਸਰੋਵਰ ਦੇ ਨਾਲ ਹੀ ਸਿੱਧ ਗੋਰਿਆ ਜੀ ਦੇ ਧਰਮ ਪਿਤਾ ਦਿੱਤੋ ਅਤੇ ਮਥਰਾ ਮਾਈ ਦੀਆਂ ਸਮਾਧੀਆਂ ਧਰਮ ਸੰਸਕ੍ਰਿਤੀ ਦੀਆਂ ਪ੍ਰਤੀਕ ਹਨ। ਸਮਾਧੀ ਗ੍ਰਹਿ ਵਿਚ ਇਕ ਵੱਡਾ ਕੁੰਡ, ਨਾਲ ਹੀ ਵੱਡੀ ਚੌਕੀ ਤੇ ਬਹੁਤ ਸਾਰੀਆਂ ਸੰਗਲਾਂ ਹਨ। ਇਥੇ ਕਾਲੀਵੀਰ ਜੀ ਦੀ ਇਕ ਘੁੜਸਵਾਰ ਮੂਰਤੀ ਹੈ।

ਸ਼ਰਧਾਲੂ ਮੰਨਤ ਪੂਰੀ ਹੋਣ ਤੇ ਬਾਬਾ ਜੀ ਦਾ ਗੁਣਗਾਨ ਕਰਦੇ ਹੋਏ ਨਤਮਸਤਕ ਹੁੰਦੇ ਹਨ। ਹਰ ਐਤਵਾਰ ਅਤੇ ਮੰਗਲਵਾਰ ਨੂੰ ਇਥੇ ਸਾਰਾ ਦਿਨ ਸ਼ਰਧਾਲੂ ਸੇਵਾ ਭਾਵ ਨਾਲ ਤਨ, ਮਨ, ਧਨ ਅਰਪਿਤ ਕਰਦੇ ਹੋਏ ਆਪਣੇ ਆਪ ਨੂੰ ਕਿਸਮਤ ਵਾਲੇ ਸਮਝਦੇ ਹਨ। ਹਰ ਸਾਲ ਇਥੇ 20 ਜੂਨ ਨੂੰ ਵਾਰਸ਼ਿਕ ਮੇਲਾ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਲੱਖਾਂ ਸ਼ਰਧਾਲੂ ਆਉਂਦੇ ਹਨ। ਵਿਸ਼ਾਲ ਦੰਗਲ ਵੀ ਹੁੰਦਾ ਹੈ। ਅੱਠ ਦਿਨ ਮੇਲਾ ਲਗਦਾ ਹੈ। ਜਿੱਤਣ ਵਾਲੇ ਪਹਿਲਵਾਨ ਨੂੰ ਚਾਂਦੀ ਦਾ ਗੁਰਜ ਅਤੇ ਹਜਾਰਾਂ ਰੁਪਏ ਦਿੱਤੇ ਜਾਂਦੇ ਹਨ। ਬਾਬਾ ਸਿੱਧ ਗੋਰਿਆ ਦਾ ਇਹ ਮਹਾਨ ਪਵਿੱਤਰ, ਅਧਿਆਤਮਕ ਸਥਾਨ ਸ਼ਰਧਾਲੂਆਂ ਦੇ ਲਈ ਜਿੰਦਗੀ ਹੈ, ਬੰਦਗੀ ਹੈ।

❑ ਸ਼ਿਵ ਜੁਨੇਜਾ



❑ ਮਹਿੰਦਰ ਸ਼ੇਖਾਵਤ

# ਸਿਖਿਆ
## ਜਿਥੋਂ ਵੀ ਜੋ ਮਿਲ ਜਾਏ

ਦੇਖੋ ਨਦੀ ਹੈ ਵਹਿੰਦੀ ਰਹਿੰਦੀ,
ਪਲ-ਪਲ ਅੱਗੇ ਵਧਦੀ ਰਹਿੰਦੀ,
ਆਪਣੇ ਰਾਹ ਇਹ ਆਪ ਬਣਾਉਂਦੀ,
ਹਰ ਗਮ ਨੂੰ ਇਹ ਹੱਸ ਕੇ ਸਹਿੰਦੀ।

ਬੂੰਦ-ਬੂੰਦ ਹਰ ਇਕ ਨੂੰ ਦਿੰਦੀ,
ਕਰੋ ਭਲਾਈ ਸਭ ਨੂੰ ਕਹਿੰਦੀ,
ਜੀਵਨ ਇਸ ਦਾ ਪਰਉਪਕਾਰੀ,
ਸਭ ਦੀ ਪਿਆਸ ਬੁਝਾਉਂਦੀ ਰਹਿੰਦੀ।

ਰੁੱਖ ਕਹਿੰਦੇ ਖੁਸ਼ਹਾਲੀ ਵੰਡੋ,
ਮੇਰੇ ਵਾਂਗੂ ਤਿਆਗ ਹੀ ਕਰਨਾ।
ਸੂਰਜ ਕਹਿੰਦਾ ਅਗੇ ਵੱਧਣਾ,
ਕਦੇ ਕਿਸੇ ਤੋਂ ਤੁਸੀਂ ਨਹੀਂ ਡਰਨਾ।

ਚੰਨ ਕਹਿੰਦਾ ਠੰਡੇ ਸ਼ੀਤਲ ਬਣ ਕੇ,
ਮੇਰੇ ਵਾਂਗੂ ਸਦਾ ਪ੍ਰੀਤ ਹੀ ਰੱਖਣਾ।
ਕੀੜੀ ਕਹਿੰਦੀ ਆਲਸ ਛੱਡ ਕੇ,
ਮਿਹਨਤ ਕਰਨ ਤੋਂ ਕਦੇ ਨਹੀਂ ਡਰਨਾ।

ਪਾਣੀ ਕਹਿੰਦਾ ਪਿਆਸ ਬੁਝਾਓ,
ਮੇਰੇ ਵਾਂਗ ਚਾਲ ਸਦਾ ਅਪਨਾਓ।
ਸਿੱਖਿਆ ਜਿਥੋਂ ਵੀ ਜੋ ਮਿਲ ਜਾਏ,
ਜੀਵਨ ਵਿਚ ਉਸ ਨੂੰ ਅਪਨਾਓ।



❑ ਕਿਸ਼ੋਰ ਡੈਨਿਅਲ

# ਦਿਆਲੂ ਸ਼ੇਰ ਸਿੰਘ

ਕਾਫੀ ਸਮੇਂ ਪਹਿਲਾਂ ਦੀ ਗੱਲ ਹੈ। ਰਾਜਪੁਤਾਨਾ ਖੇਤਰ ਵਿਚ ਮਾਨਸਿੰਘ ਨਾਂ ਦਾ ਜਗੀਰਦਾਰ ਸੀ। ਉਸ ਦਾ ਇਕ ਪੁੱਤਰ ਸੀ ਜਿਸ ਦਾ ਨਾਂ ਸ਼ੇਰਸਿੰਘ ਸੀ। ਸ਼ੇਰਸਿੰਘ ਬੜਾ ਹੋਨਹਾਰ ਅਤੇ ਦਿਆਲੂ ਸੁਭਾਅ ਦਾ ਸੀ।

ਇਕ ਵਾਰ ਰਾਜਪੁਤਾਨਾ ਖੇਤਰ ਵਿਚ ਮੀਂਹ ਨਹੀਂ ਪਿਆ। ਅਕਾਲ ਪੈ ਗਿਆ। ਕਿਸਾਨ ਜਗੀਰਦਾਰਾਂ ਨੂੰ ਲਗਾਨ ਨਹੀਂ ਦੇ ਸਕੇ। ਜਗੀਰਦਾਰ ਦੇ ਨੌਕਰ ਕਿਸਾਨਾਂ ਦੇ ਘਰ ਜੋ ਵੀ ਸੀ ਜਬਬਦਸਤੀ ਚੁੱਕ ਕੇ ਲੈ ਆਏ ਅਤੇ ਕਿਸਾਨਾਂ ਨੂੰ ਫੜ ਕੇ ਜਗੀਰਦਾਰ ਦੇ ਸਾਹਮਣੇ ਪੇਸ਼ ਕੀਤਾ। ਸ਼ੇਰ ਸਿੰਘ ਨੇ ਵੇਖਿਆ ਕਿ ਉਹਨਾਂ ਗਰੀਬ ਅਤੇ ਲਾਚਾਰ ਕਿਸਾਨਾਂ ਨੂੰ ਸਤਾਇਆ ਜਾ ਰਿਹਾ ਹੈ। ਉਹਨਾਂ ਨੂੰ ਵੇਖ ਕੇ ਸ਼ੇਰ ਸਿੰਘ ਨੂੰ ਬਹੁਤ ਤਰਸ ਆਇਆ। ਸ਼ੇਰ ਸਿੰਘ ਨੇ ਉਹਨਾਂ ਕਿਸਾਨਾਂ ਦੀ ਮਦਦ ਕਰਨ ਦੀ ਸੋਚੀ।

ਸ਼ੇਰਸਿੰਘ ਉਹਨਾਂ ਦਿਨਾਂ ਵਿਚ ਘੁੜਸਵਾਰੀ ਸਿੱਖ ਰਿਹਾ ਸੀ। ਜਗੀਰਦਾਰ ਨੇ ਕਿਹਾ – 'ਜਦੋਂ ਤੂੰ ਇਹ ਪੂਰੀ ਤਰ੍ਹਾਂ ਸਿਖ ਜਾਇਗਾ ਤਾਂ ਮੈ ਤੈਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ।'

ਸ਼ੇਰ ਸਿੰਘ ਨੇ ਅਭਿਆਸ ਕਰਕੇ ਘੁੜਸਵਾਰੀ ਵਿਚ ਨਿਪੁੰਨਤਾ ਹਾਸਿਲ ਕਰ ਲਈ।

ਇਕ ਦਿਨ ਉਸ ਨੇ ਜਗੀਰਦਾਰ ਦੇ ਸਾਹਮਣੇ ਆਪਣੀ ਘੁੜਸਵਾਰੀ ਦਾ ਪ੍ਰਦਰਸ਼ਨ ਕੀਤਾ। ਜਗੀਰਦਾਰ ਨੇ ਖੁਸ਼ ਹੁੰਦਿਆਂ ਕਿਹਾ 'ਪੁੱਤਰ ਮੈਂ ਬਹੁਤ ਖੁਸ਼ ਹਾਂ ! ਮੰਗ ਤੈਨੂੰ ਕੀ ਇਨਾਮ ਚਾਹੀਦਾ ਹੈ?

ਸ਼ੇਰ ਸਿੰਘ ਨੇ ਕਿਹਾ '' ਪਿਤਾ ਜੀ, ਇਸ ਸਾਲ ਮੀਂਹ ਨਹੀਂ ਪਿਆ। ਜਿਸ ਕਰਕੇ ਕਿਸਾਨਾਂ ਦੀ ਫਸਲ ਨਹੀਂ ਹੋਈ। ਉਹਨਾਂ ਕੋਲ ਖਾਣ ਲਈ ਕੁਝ ਵੀ ਨਹੀਂ ਹੈ। ਉਹ ਤੁਹਾਨੂੰ ਲਗਾਨ ਕਿਥੋਂ ਦੇ ਸਕਣਗੇ? ਮੈਂ ਚਾਹੁੰਦਾ ਹਾਂ ਕਿ ਇਹਨਾਂ ਕਿਸਾਨਾਂ ਦਾ ਲਗਾਨ ਮਾਫ ਕਰ ਦਿਉ ਅਤੇ ਇਹਨਾਂ ਤੋਂ ਲਈ ਹਰ ਚੀਜ਼ ਇਹਨਾਂ ਨੂੰ ਵਾਪਸ ਦੇ ਦਿਉ। ਹੋ ਸਕੇ ਤਾਂ ਇਹਨਾਂ ਗਰੀਬਾਂ ਦੀ ਮਦਦ ਵੀ ਕਰ ਦਿਉ।

ਸ਼ੇਰ ਸਿੰਘ ਦੀ ਗੱਲ ਸੁਣ ਕੇ ਰਾਜੇ ਨੂੰ ਬੜੀ ਖੁਸ਼ੀ ਹੋਈ ਅਤੇ ਕਹਿਣ ਲੱਗਾ – ਇਹ ਸਭ ਕੁਝ ਤਾਂ ਮੈਂ ਹੁਣੇ ਕਰ ਦਿਆਂਗਾ ਪਰ ਪੁੱਤਰ ਆਪਣੇ ਲਈ ਤਾਂ ਕੁਝ ਮੰਗ?'

ਸ਼ੇਰ ਸਿੰਘ ਨੇ ਕਿਹਾ – ਪਿਤਾ ਜੀ ! ਤੁਸੀਂ ਬਹੁਤ ਖੁਸ਼ ਹੋ ਤਾਂ ਇਹ ਕਨੂੰਨ ਬਣਾ ਦੇਵੋ ਕਿ ਜਿਸ ਸਾਲ ਫਸਲ ਚੰਗੀ ਨਾ ਹੋਵੇ ਉਸ ਸਾਲ ਲਗਾਨ ਨਾ ਲਿਆ ਜਾਵੇ।

ਇਹ ਸੁਣ ਕੇ ਜਗੀਰਦਾਰ ਨੇ ਕਿਸਾਨਾਂ ਦੀ ਕਬਜੇ ਵਿਚ ਲਈ ਹੋਈ ਜ਼ਮੀਨ ਵਾਪਸ ਕਰ ਦਿੱਤੀ ਅਤੇ ਫਸਲ ਚੰਗੀ ਨਾ ਹੋਣ ਤੇ ਲਗਾਨ ਨਾ ਲਿਆ ਜਾਵੇ, ਇਸ ਦਾ ਕਾਨੂੰਨ ਵੀ ਬਣਾ ਦਿੱਤਾ।'

ਪਿਆਰੇ ਬੱਚਿਉ ! ਸ਼ੇਰਸਿੰਘ ਵਰਗੇ ਦਿਆਲੂ ਲੋਕ ਦਿਲਾਂ ਤੇ ਰਾਜ ਕਰਦੇ ਹਨ ਜਦ ਕਿ ਸ਼ਕਤੀਸ਼ਾਲੀ ਲੋਕ ਬਸ ਲੋਕਾਂ ਨੂੰ ਡਰਾ ਧਮਕਾ ਕੇ ਨਿਰਦਈ ਵਿਵਹਾਰ ਕਰਦੇ ਹਨ।

❑ ਅਮਰਜੀਤ ਚੰਦਰ

# ਵਿਸ਼ਵ ਦੀਆਂ ਘੋੜਸਵਾਰ ਔਰਤਾਂ

ਜਦੋਂ ਔਰਤਾਂ ਨੂੰ ਸਕੂਲ ਜਾਣ ਦੀ ਮਨ੍ਹਾਹੀ ਸੀ ਤਾਂ ਉਨ੍ਹਾਂ ਨੂੰ ਘਰ ਸੰਭਾਲਣਾ, ਬੱਚੇ ਸੰਭਾਲਣਾ ਬਸ ਐਨਾ ਹੀ ਅਧਿਕਾਰ ਸੀ। ਇਹਨਾਂ ਔਰਤਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਆਪਣਾ-ਆਪਣਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਇਹ ਸਿਰਫ ਸ਼ੌਕ ਦੇ ਤੌਰ ਤੇ ਹੀ ਘੋੜਸਵਾਰੀ ਕਰਦੀਆਂ ਸਨ। ਇਸ ਤਰ੍ਹਾਂ ਦੀਆਂ ਕੁਝ ਔਰਤਾਂ ਦਾ ਹੇਠਾਂ ਵਰਨਣ ਕਰ ਰਹੇ ਹਾਂ।

ਰਾਣੀ ਲਕਸ਼ਮੀ ਬਾਈ ਨੇ ਸੰਨ 1857 ਵਿਚ ਭਾਰਤ ਨੂੰ ਆਜਾਦੀ ਦਿਵਾਉਣ ਵਿਚ ਅਹਿਮ ਯੋਗਦਾਨ ਪਾਇਆ। ਅੰਗਰੇਜਾਂ ਦਾ ਸਫਾਇਆ ਕਰਨ ਲਈ ਆਪਣੀ ਹੀ ਸੈਨਾ ਤਿਆਰ ਕੀਤੀ। ਉਸ ਨੇ ਪਹਿਲਾਂ ਹੀ ਘੋੜਸਵਾਰੀ ਵਿਦਿਆ ਅਤੇ ਲੜਾਈ ਵਿਚ ਕੰਮ ਆਉਣ ਵਾਲੀ ਹਰ ਵਿਦਿਆ ਹਾਸਲ ਕੀਤੀ। ਅੰਗਰੇਜ਼ ਸੈਨਾ ਨੇ ਝਾਂਸੀ ਨੂੰ ਚਾਰੇ ਪਾਸਿਉਂ ਘੇਰ ਲਿਆ। ਉਹ ਅੰਗਰੇਜ਼ਾਂ ਦਾ ਸਾਹਮਣਾ ਕਰਦੀ-ਕਰਦੀ ਬੜੀ ਚਲਾਕੀ ਨਾਲ ਗਵਾਲੀਅਰ ਵਲ ਨੂੰ ਨਿਕਲ ਗਈ। ਕੁਝ ਦਿਨਾਂ ਬਾਅਦ ਹੀ ਅੰਗਰੇਜ਼ਾਂ ਨੇ ਗਵਾਲੀਅਰ ਤੇ ਹਮਲਾ ਕਰ ਦਿੱਤਾ, ਉਸ ਹਮਲੇ ਵਿਚ ਮੁਕਾਬਲਾ ਕਰਦੇ-ਕਰਦੇ ਲਕਸ਼ਮੀ ਬਾਈ ਸ਼ਹੀਦ ਹੋ ਗਈ।



ਰਾਣੀ ਚੇਨਮਾ (ਕਰਨਾਟਕ) ਨੇ ਸੰਨ 1825 ਵਿਚ ਆਪਣਾ ਰਾਜ ਵਾਪਿਸ ਲੈਣ ਵਾਸਤੇ ਅੰਗਰੇਜ਼ਾਂ ਨਾਲ ਯੁਧ ਕੀਤਾ ਅਤੇ ਅੰਗਰੇਜ਼ਾਂ ਨੂੰ ਹਰਾ ਕੇ ਅੰਗਰੇਜ਼ ਔਰਤਾਂ ਤੇ ਬੱਚਿਆਂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਉਸ ਤੋਂ ਬਾਅਦ ਅੰਗਰੇਜ਼ਾਂ ਨੇ ਕਿਤੂਰ ਤੇ ਹਮਲਾ ਕੀਤਾ ਅਤੇ ਰਾਣੀ ਚੇਨਮਾ ਨੂੰ ਗ੍ਰਿਫਤਾਰ ਕਰ ਲਿਆ ਅਤੇ ਪੰਜ ਸਾਲ ਬਾਅਦ ਉਸ ਦੀ ਮੌਤ ਹੋ ਗਈ।

ਝਲਕਰੀ ਨੇ ਲਕਸ਼ਮੀ ਬਾਈ ਨੂੰ ਬਚਾਉਣ ਲਈ ਅੰਗਰੇਜਾਂ ਨਾਲ ਮੁਕਾਬਲਾ ਕੀਤਾ। ਕੁਝ ਸਮੇਂ ਬਾਅਦ ਖੁਦ ਲਕਸ਼ਮੀ ਬਾਈ ਦਾ ਰੂਪ ਧਾਰਨ ਕਰਕੇ ਘੋੜੇ ਤੇ ਸਵਾਰ ਹੋ ਕੇ ਕਿਲੇ ਤੋਂ ਕੁਦ ਪਈ, ਅਤੇ ਲਕਸ਼ਮੀ ਬਾਈ ਨੂੰ ਕਿਲੇ ਚੋਂ ਆਜਾਦ ਕਰਾਉਣ ਵਿਚ ਕਾਮਯਾਬ ਹੋ ਗਈ। ਅੰਗਰੇਜ਼ਾਂ ਨੇ ਝਲਕਰੀ ਦਾ ਪਿੱਛਾ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ।

ਤਾਰਾ ਬਾਈ ਸੁਰਤਨ ਰਾਜਾ ਦੀ ਇਕਲੌਤੀ ਸੰਤਾਨ ਸੀ। ਉਹ ਬਚਪਨ ਤੋਂ ਹੀ ਘੋੜੇ ਦੀ ਸਵਾਰੀ ਅਤੇ ਹਥਿਆਰ ਚਲਾਉਣ ਦਾ ਸ਼ੌਕ ਰਖਦੀ ਸੀ। ਉਹ ਦੇਖਣ ਵਿਚ ਬਹੁਤ ਸੁੰਦਰ ਸੀ। ਉਸ ਨੇ ਸ਼ਾਦੀ ਦੇ ਸਮੇਂ ਇਕ ਸ਼ਰਤ ਰੱਖੀ ਸੀ ਕਿ ਮੇਰੇ ਪੁਰਾਣੇ ਬਜ਼ੁਰਗਾਂ ਦਾ ਸ਼ਹਿਰ ਜੋ ਅਫਗਾਨਾਂ ਤੋਂ ਜਿੱਤ ਕੇ ਦੇਵੇਗਾ ਮੈਂ ਉਸ ਨਾਲ ਸ਼ਾਦੀ ਕਰਾਂਗੀ, ਨਹੀਂ ਤਾਂ ਸ਼ਾਦੀ ਨਹੀਂ ਕਰਾਂਗੀ। ਇਹ ਸ਼ਰਤ ਉਥੋਂ ਦੇ ਰਾਜਾ ਦੇ ਪੁੱਤਰ ਪ੍ਰਿਥਵੀ ਰਾਜ ਨੇ ਮੰਨ ਲਈ ਅਤੇ ਅਫਗਾਨਾਂ ਤੋਂ ਉਹਨਾਂ ਦੇ ਹਿੱਸੇ ਜਿੱਤ ਆਇਆ ਤੇ ਤਾਰਾ ਬਾਈ ਨੇ ਫਿਰ ਉਸ ਨਾਲ ਸ਼ਾਦੀ ਕਰ ਲਈ।

ਫਰਾਂਸ ਦੇ ਕਿਸਾਨ ਦੀ ਬੇਟੀ ਦਾ ਨਾਮ ਜੋਨ ਆਫ ਆਰਕ ਸੀ। ਉਹ ਬਿਲਕੁਲ ਅਨਪੜ ਸੀ ਪਰ ਉਸ ਦੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਬਹੁਤ ਸੀ। ਯੂਰਪ ਵਿਚ ਫੌਜ ਦੀ ਟ੍ਰੇਨਿੰਗ ਲੈਣ ਵਾਲੀ ਉਹ ਪਹਿਲੀ ਔਰਤ ਬਣੀ ਸੀ। ਫੌਜ ਦੀ ਟ੍ਰੇਨਿੰਗ ਵਿਚ ਘੋੜ ਸਵਾਰੀ ਜਰੂਰੀ ਸੀ। ਇਸ ਕਰਕੇ ਘੋੜਸਵਾਰੀ ਵਿਚ ਉਹ ਬਹੁਤ ਮਾਹਿਰ ਸੀ।

ਮਹਾਰਾਣੀ ਵਿਕਟੋਰੀਆ ਦਾ ਜਨਮ ਬ੍ਰਿਟਿਸ਼ ਰਾਜ ਦੇ ਇਕ ਸ਼ਾਹੀ ਪਰਿਵਾਰ ਵਿਚ ਹੋਇਆ। ਉਹ ਬਚਪਨ ਤੋਂ ਹੀ ਦਲੇਰ ਸੀ ਪਰ ਆਪਣੇ ਨਿਜੀ ਜੀਵਨ ਵਿਚ ਉਹ ਬਹੁਤ ਹੀ ਅੰਧਵਿਸ਼ਵਾਸੀ ਸੀ। ਉਹ ਘੋੜ ਸਵਾਰੀ ਦੀ ਬਹੁਤ ਸ਼ੌਕੀਨ ਸੀ। ਸੰਨ 1837 ਵਿਚ 18 ਸਾਲ ਦੀ ਉਮਰ ਵਿਚ ਹੀ ਉਹ ਸਿੰਘਾਸਨ ਤੇ ਬੈਠ ਗਈ ਅਤੇ 63 ਸਾਲ ਤਕ ਉਸ ਨੇ ਰਾਜ ਕੀਤਾ ਅਤੇ 81 ਸਾਲ ਦੀ ਉਮਰ ਵਿਚ ਉਸ ਦਾ ਦਿਹਾਂਤ ਹੋ ਗਿਆ। ■

❑ ਭੀਮ ਸੈਨ ਸਿਹਾਲ

# ਮਿੱਠਾ-ਮਿੱਠਾ ਬੋਲ ਕੇ



ਸੁਭਾ ਉਠੱ ਕੇ ਸਵੇਰੇ, ਬੇਟਾ ਕਰੇ ਅਰਦਾਸ।
ਕਰੇ ਖ਼ੂਬ ਪੜ੍ਹਾਈ, ਰਖੇ ਰੱਬ ਤੇ ਵਿਸ਼ਵਾਸ।

ਕਿਤਾਬ ਵਿੱਚੋਂ ਕਵਿਤਾ ਸੁਣਾਉਂਦਾ ਹੈ ਸਭ ਨੂੰ,
ਮਿੱਠਾ-ਮਿੱਠਾ ਬੋਲ ਕੇ ਅਪਣਾ ਬਣਾਉਂਦਾ ਸਭ ਨੂੰ।

ਚਾਕਲੇਟ, ਟੌਫੀਆਂ ਖਾਣ ਚ ਦੇਵੇ ਸਭ ਦਾ ਸਾਥ,
ਮਿਲੇ ਨਾ ਜੇ ਬੇਟਾ, ਜਾਪਦੀ ਸਭ ਨੂੰ ਘਾਟ।


ਦੁਪਹਿਰ ਦਾ ਖਾਣਾ, ਆਪਣੇ ਮਾਮੇ ਨਾਲ ਖਾਂਦਾ
ਹਾਇ ਹੈਲੋ-ਬਾਏ, ਆਖੇ ਸਭ ਨੂੰ ਆਉਂਦਾ ਜਾਂਦਾ।

ਘਰ-ਘਰ ਹੋਵੇ ਬੇਟਾ ਅਰਦਾਸ ਹੈ ਰੱਬ ਨੂੰ,
ਮਿੱਠਾ-ਮਿੱਠਾ ਬੋਲ ਕੇ ਅਪਣਾ ਬਣਾਉਂਦਾ ਸਭ ਨੂੰ।

ਬੇਟਾ ਕੋਈ ਗਿਲਾ-ਸ਼ਿਕਵਾ ਨਹੀਂ ਕਦੇ ਰੱਖਦਾ,
ਕਰੇ ਸਭ ਨੂੰ ਪਿਆਰ, ਰਹਿੰਦਾ ਸਦਾ ਹੱਸਦਾ।

ਆਪਣੀ ਦੀਦੀ ਨਾਲ ਚੀਜ਼ੀਆਂ ਵੰਡ-ਵੰਡ ਖਾਂਦਾ,
ਕਦੇ ਕਦੇ ਤਾਂ ਰੋ ਕੇ ਖੋਹ ਕੇ ਲੈ ਜਾਂਦਾ।

ਸ਼ਾਮੀ ਆਉਂਦਾ ਡੈਡੀ ਘਰੇ ਸੌ ਜਾਂਦਾ ਜਦ ਨੂੰ,
ਮਿੱਠਾ-ਮਿੱਠਾ ਬੋਲ ਕੇ, ਅਪਣਾ ਬਣਾਉਂਦਾ ਸਭ ਨੂੰ।



❑ ਜਯੇਂਦਰ

# ਈਸ਼ਵਰ ਮੇਰੇ ਨਾਲ

ਇਕ ਸੰਤ ਜੰਗਲ ਦੇ ਰਸਤੇ ਆਪਣੇ ਸੇਵਕ ਨਾਲ ਯਾਤਰਾ ਤੇ ਜਾ ਰਹੇ ਸਨ। ਪੂਰਾ ਰਸਤਾ ਹਰੇ-ਭਰੇ ਰੁੱਖਾਂ ਨਾਲ ਘਿਰਿਆ ਸੀ। ਜੰਗਲੀ ਜਾਨਵਰਾਂ ਦੀ ਡਰਾਵਨੀ ਅਵਾਜ਼ ਪਲ-ਪਲ ਸੁਣਾਈ ਦੇ ਰਹੀ ਸੀ। ਚਲਦੇ-ਚਲਦੇ ਰਾਤ ਹੋਣ ਨੂੰ ਆ ਗਈ ਤਾਂ ਸੰਤ ਨੇ ਰਾਤ ਅਰਾਮ ਲਈ ਇਕ ਵਿਸ਼ਾਲ ਬੋਹੜ ਦੇ ਰੁੱਖ ਥੱਲੇ ਆਪਣਾ ਝੋਲਾ ਰੱਖ ਦਿੱਤਾ। ਕੋਲ ਹੀ ਵਹਿੰਦੀ ਨਦੀ ਵਿਚ ਹੱਥ-ਮੂੰਹ ਧੋ ਕੇ ਉਹ ਰੁੱਖ ਦੇ ਥੱਲੇ ਬੈਠ ਕੇ ਰੱਬ ਦਾ ਸਿਮਰਨ ਕਰਨ ਲਗ ਗਏ। ਕੋਲ ਹੀ ਸੇਵਕ ਵੀ ਬੈਠ ਗਿਆ। ਕੁਝ ਹੀ ਦੇਰ ਬਾਅਦ ਉਸ ਦੇ ਕੰਨਾਂ ਵਿਚ ਸ਼ੇਰ ਦੇ ਦਹਾੜਨ ਦੀ ਆਵਾਜ਼ ਸੁਣਾਈ ਦਿੱਤੀ। ਡਰ ਨਾਲ ਥਰ-ਥਰ ਕੰਬਣ ਲੱਗਾ। ਉਹ ਸ਼ੇਰ ਉਸ ਨੂੰ ਆਪਣੇ ਵਲ ਆਉਂਦਾ ਹੋਇਆ ਦਿਖਾਈ ਦਿੱਤਾ। ਉਹ ਜਲਦੀ ਨਾਲ ਰੁੱਖ ਤੇ ਚੜ੍ਹ ਗਿਆ। ਸ਼ੇਰ ਰੁੱਖ ਦੇ ਥੱਲੇ ਆ ਗਿਆ। ਉਸ ਨੇ ਧਿਆਨ ਵਿਚ ਮਗਨ ਹੋਏ ਸੰਤ ਨੂੰ ਸੁੰਘਿਆ। ਉਹਨਾਂ ਦੇ ਚਾਰੋਂ ਤਰਫ ਚੱਕਰ ਕੱਟਿਆ ਅਤੇ ਕੁਝ ਦੇਰ ਮੌਨ ਖੜੇ ਹੋ ਕੇ ਚੁਪਚਾਪ ਵਾਪਸ ਚਲਾ ਗਿਆ। ਉਹਨਾਂ ਦਾ ਸੇਵਕ ਰੁੱਖ ਤੋਂ ਸਭ ਕੁਝ ਵੇਖ ਰਿਹਾ ਸੀ।

ਕੁਝ ਦੇਰ ਬਾਅਦ ਸੰਤ ਦਾ ਧਿਆਨ ਟੁੱਟ ਗਿਆ। ਦੋਹਾਂ ਨੇ ਕੁਝ ਜੰਗਲੀ ਕੰਦਮੂਲ ਖਾਧੇ ਅਤੇ ਸੌਂ ਗਏ।

ਸਵੇਰੇ ਉਹ ਆਪਣੀ ਮੰਜ਼ਿਲ ਵੱਲ ਤੁਰ ਪਏ। ਸੰਤ ਨੂੰ ਉਡੱਦੀ ਹੋਈ ਇਕ ਮਧੂਮੱਖੀ ਨੇ ਡੰਕ ਮਾਰ ਦਿਤਾ। ਉਸ ਦੇ ਦਰਦ ਨਾਲ ਸੰਤ ਇਕਦਮ ਕਰਾਹ ਗਏ।

ਸੇਵਕ ਨੇ ਤੁਰੰਤ ਸੰਤ ਨੂੰ ਵੇਖਿਆ ਅਤੇ ਪੁੱਛਿਆ – ਗੁਰੂਦੇਵ ! ਜਦ ਸ਼ਾਮ ਨੂੰ ਸ਼ੇਰ ਤੁਹਾਡੇ ਕੋਲ ਆਇਆ ਤਾਂ ਤੁਸੀਂ ਬਿਲਕੁਲ ਨਹੀਂ ਘਬਰਾਏ। ਪਰੰਤੂ ਅੱਜ ਇਕ ਨਿੱਕੀ ਜਿਹੀ ਮਧੂਮੱਖੀ ਦੇ ਕੱਟਣ ਤੇ ਤੁਸੀਂ ਘਬਰਾ ਗਏ? ਆਖਿਰ ਇੰਜ ਕਿਉਂ?

ਇਹ ਸੁਣ ਕੇ ਸੰਤ ਨੇ ਕਿਹਾ – ਜਿਸ ਸਮੇਂ ਮੈਂ ਧਿਆਨ ਵਿਚ ਸੀ ਤਾਂ ਮੇਰਾ ਰੱਬ ਮੇਰੇ ਨਾਲ ਸੀ। ਰੱਬ ਦੇ ਨਾਲ ਹੋਣ ਕਰ ਕੇ ਮੈਨੂੰ ਕਿਸ ਗੱਲ ਦਾ ਡਰ? ਹਾਂ ਇਸ ਸਮੇਂ ਤੂੰ ਮੇਰੇ ਨਾਲ ਹੈ ਅਤੇ ਮੈਂ ਧਿਆਨ ਵਿਚ ਨਹੀਂ ਹਾਂ ਇਸ ਲਈ ਮੇਰੀ ਚੀਕ ਨਿਕਲ ਗਈ। ■

❑ ਪ੍ਰਿਤਪਾਲ ਸਾਦਿਕ

# ਤਿਤਲੀ



ਬੱਚਿਉ ਉਡੱਦੀ-ਉਡੱਦੀ ਆਵੇ ਤਿਤਲੀ,
ਡਾਢੀ ਰੌਣਕ ਲਾਵੇ ਤਿਤਲੀ।

ਬਾਗ ਬਗੀਚੇ ਘੁੰਮਣ ਆਵੇ,
ਸਭ ਦਾ ਮਨ ਪਰਚਾਵੇ ਤਿਤਲੀ।

ਫੁੱਲਾਂ ਉਪਰ ਪੈਲਾਂ ਪਾਉਂਦੀ,
ਕਲੀਆਂ ਚੁੰਮ-ਚੁੰਮ ਜਾਵੇ ਤਿਤਲੀ।

ਰੰਗ-ਰੰਗੀਲੇ ਤੇ ਚਮਕੀਲੇ,
ਖੰਭਾਂ ਨੂੰ ਫੈਲਾਵੇ ਤਿਤਲੀ।

ਰਸ ਚੂਸ ਕੇ ਕਰੇ ਗੁਜਾਰਾ,
ਹੋਰ ਨਾ ਕੁਝ ਵੀ ਖਾਵੇ ਤਿਤਲੀ।

ਖੁਸ਼ੀਆਂ ਖੇੜੇ ਵੰਡਦੀ ਫਿਰਦੀ,
ਸਭ ਨਾਲ ਸਾਂਝਾਂ ਪਾਵੇ ਤਿਤਲੀ।

ਰੰਗ-ਬਰੰਗੇ ਖੰਭਾਂ ਵਾਲੀ,
ਸਭ ਦੇ ਮਨ ਨੂੰ ਭਾਵੇ ਤਿਤਲੀ।

ਜਿੰਨਾਂ ਇਸ ਦੇ ਨੇੜੇ ਜਾਈਏ,
ਦੂਰ ਓਨਾ ਉਡੱ ਜਾਵੇ ਤਿਤਲੀ।

'ਢਿਲੋਂ' ਫੜਨ ਦੀ ਕੋਸ਼ਿਸ਼ ਕਰੀਏ,
ਪਰ ਇਹ ਹੱਥ ਨਾ ਆਵੇ ਤਿਤਲੀ।

# ਰੰਗ ਭਰੋ





ਨਾਂ ................................................................ ਉਮਰ..........

ਪੂਰਾ ਪਤਾ..............................................................................

..........................................................................................

..........................................................................................

# ਫਰਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਸੁਖਮਨਦੀਪ ਕੌਰ ਵਿੱਲੌਂ (ਉਮਰ 12ਸਾਲ)
ਪਿੰਡ ਤੇ ਡਾਕਖਾਨਾ – ਭਲੂਰ
ਜਿਲਾ – ਮੋਗਾ (ਪੰਜਾਬ)

**ਦੂਸਰਾ ਨੰ :**

ਮਨੀਸ਼ ਰਾਜੂ (ਉਮਰ 10 ਸਾਲ)
ਪਿੰਡ ਅਤੇ ਡਾਕਖਾਨਾ – ਬੱਸੀ ਗੁਲਾਮ ਹੁਸੈਨ
ਜਿਲਾ – ਹੁਸ਼ਿਆਰਪੁਰ (ਪੰਜਾਬ)

**ਤੀਸਰਾ ਨੰ :**

ਸਮਰਥ ਅਹੂਜਾ (ਉਮਰ 11 ਸਾਲ)
ਹਾਊਸ ਨੰ : 73, ਗਣੇਸ਼ ਨਗਰ
ਰਾਜਪੁਰਾ, ਜਿਲਾ ਪਟਿਆਲਾ (ਪੰਜਾਬ)

## ਪਸੰਦ ਕੀਤੇ ਗਏ –

ਸ਼ਿਵਪ੍ਰੀਤ ਸਿੰਘ (ਅਮਰਾਲੀ),
ਸਹਿਜ ਬੰਸਲ (ਪਾਤੜਾਂ)
ਯਸ਼ਿਕਾ (ਡੇਰਾ ਬਾਬਾ ਨਾਨਕ)
ਵਿਧਿਤ (ਖੁਸ਼ਹਾਲ ਪੁਰ)
ਸੁਖਪ੍ਰੀਤ ਸਿੰਘ (ਮਾਨਸਾ)
ਵੰਦਿਤਾ (ਦਿੱਲੀ)
ਨਵਜੀਤ (ਮੋਹਾਲੀ)
ਮਾਨਸੀ (ਨਿਰੰਕਾਰੀ ਕਾਲੋਨੀ)
ਸਿਮਰਨ ਕੌਰ (ਧਰਮਪੁਰਾ)
ਭਵਿਤਾ (ਚਵਿੰਡਾ ਦੇਵੀ)
ਗੁਰਪ੍ਰੀਤ (ਗਿਦੜਬਾਹਾ)
ਲਾਡੋ (ਵਿਸ਼ਾਲੀ)
ਰਾਣੀ (ਦਿੱਲੀ)
ਤਮੰਨਾ (ਗਾਂਧੀ ਵਿਹਾਰ)
ਨਿਕੀ ਚੰਦਰ (ਲੁਧਿਆਣਾ)
ਜਸਜੋਤ ਕੌਰ (ਕਰਤਾਰ ਨਗਰ)
ਸੁਨੀਤਾ (ਸ਼ਹੀਦ ਭਗਤ ਸਿੰਘ ਨਗਰ)
ਸੰਦੀਪ ਕੌਰ (ਚੰਦਿਆਈ ਖੁਰਦ)




## ਅਪ੍ਰੈਲ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਪ੍ਰੈਲ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜੂਨ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❑ ਅਸ਼ੋਕ ਭਾਰਦਵਾਜ

# ਕਿਵੇਂ ਹੋਈ ਟੈਲੀਫੋਨ ਦੀ ਖੋਜ?



ਵਿਸ਼ਵ ਦੇ ਪ੍ਰਸਿੱਧ ਵਿਗਿਆਨਕ ਥਾਮਸ ਏ.ਵਾਟਸਨ ਚੌਦਾਂ ਸਾਲ ਦੀ ਉਮਰ ਵਿਚ ਹੀ ਪੜ੍ਹਾਈ ਛੱਡ ਕੇ ਬਿਜਲੀ ਦੀ ਇਕ ਦੁਕਾਨ ਵਿਚ ਕੰਮ ਕਰਨ ਲੱਗ ਪਏ ਸੀ। ਇਹ ਦੁਕਾਨ ਇਸ ਤਰ੍ਹਾਂ ਦੇ ਲੋਕਾਂ ਦੀ ਮਦਦ ਕਰਦੀ ਸੀ ਜਿਨ੍ਹਾਂ ਕੋਲ ਕੋਈ ਖੋਜ ਕਰਨ ਦਾ ਵਿਚਾਰ ਤਾਂ ਹੁੰਦਾ ਸੀ ਪਰ ਬਿਜਲੀ ਦਾ ਗਿਆਨ ਨਾ ਹੋਣ ਕਾਰਣ ਉਹ ਉਸ ਨੂੰ ਬਣਾ ਨਹੀਂ ਸਕਦੇ ਸਨ। ਇਹੋ ਜਿਹੇ ਨੌਜਵਾਨ ਸਨ ਏਲੈਕਜ਼ੈਂਡਰ ਗ੍ਰਾਹਮ ਬੈਲ ਜੋ ਬੋਸਟਨ ਯੂਨੀਵਰਸਿਟੀ ਵਿਚ ਬੋਲਣ ਦੀ ਕਲਾ ਸਿਖਾਉਂਦੇ ਸਨ। ਇਹਨਾਂ ਦੋਹਾਂ ਨੇ ਮਿਲ ਕੇ ਟੈਲੀਫੋਨ ਦੀ ਖੋਜ ਕੀਤੀ। 9 ਮਾਰਚ 1876 ਨੂੰ ਏਲੈਕਜ਼ੈਂਡਰ ਗ੍ਰਾਹਮ ਬੈਲ ਨੇ ਇਸ ਨੂੰ ਪੇਟੈਂਟ ਕਰਾਇਆ ਅਤੇ 10 ਮਾਰਚ ਨੂੰ ਬੈਲ ਨੇ ਥਾਮਸ ਏ.ਵਾਟਸਨ ਨੂੰ ਟੈਲੀਫੋਨ ਕੀਤਾ - ਮਿਸਟਰ ਵਾਟਸਨ ਇਧਰ ਆਉ, ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਖੁਸ਼ੀ ਦੇ ਮਾਰੇ ਵਾਟਸਨ ਠੀਕ-ਠਾਕ ਜਵਾਬ ਨਹੀਂ ਦੇ ਸਕੇ। ਬੈਲ ਨੇ ਆਪਣੇ ਇਸ ਸਹਿਯੋਗੀ ਨੂੰ ਭੁਲਾਇਆ ਨਹੀਂ। ਸੰਨ 1877 ਵਿਚ ਬੈਲ ਟੈਲੀਫੋਨ ਕੰਪਨੀ ਦੇ ਸਥਾਪਿਤ ਹੋਣ ਤੇ ਉਹਨਾਂ ਨੇ ਵਾਟਸਨ ਨੂੰ ਦਸਵੇਂ ਹਿੱਸੇ ਦਾ ਸਾਂਝੇਦਾਰ ਬਣਾਇਆ। ਖੋਜ ਦੇ ਤੁਰੰਤ ਬਾਅਦ 26 ਜੂਨ 1876 ਨੂੰ ਫਿਲੇਡੇਲਫਿਆ ਦੀ ਸ਼ਤਾਬਦੀ ਪ੍ਰਦਰਸ਼ਨੀ ਵਿਚ ਟੈਲੀਫੋਨ ਨੂੰ ਪ੍ਰਦਰਸ਼ਿਤ ਕੀਤਾ ਗਿਆ ਪਰ ਇਸ ਵਿਚ ਕਿਸੇ ਨੇ ਦਿਲਚਸਪੀ ਨਹੀਂ ਲਈ। ਬ੍ਰਾਜ਼ੀਲ ਦੇ ਸਮਰਾਟ ਨੇ ਟੈਲੀਫੋਨ ਦਾ ਰਿਸੀਵਰ ਚੁਕਿਆ ਅਤੇ ਬੋਲਿਆ – ਹੇ ਭਗਵਾਨ ! ਇਹ ਤਾਂ ਬੋਲਦਾ ਹੈ।'ਇਸ ਦੇ ਬਾਅਦ ਤਾਂ ਚਾਰੇ ਪਾਸੇ ਟੈਲੀਫੋਨ ਦੀ ਚਰਚਾ ਹੋਣ ਲੱਗੀ।ਇੰਗਲੈਂਡ ਦੀ ਰਾਣੀ ਵੀ ਇਸ ਨੂੰ ਵੇਖਣਾ ਚਾਹੁੰਦੀ ਸੀ। ਰਾਣੀ ਨੂੰ ਦਿਖਾਉਣ ਲਈ 14 ਜੁਲਾਈ 1877 ਨੂੰ ਰਾਣੀ ਦੇ ਮਹਿਲ ਅਤੇ ਕੈਂਟਬਰੀ ਹਾਲ ਦੇ ਵਿਚਕਾਰ ਟੈਲੀਫੋਨ ਲਾਈਨ ਵਿਛਾਈ ਗਈ। ਇਸ ਤੋਂ ਬਾਅਦ ਟੈਲੀਫੋਨ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਬੈਲ ਨੇ ਟੈਲੀਫੋਨ ਨਾਲ ਜੁੜੀਆਂ ਅਨਗਿਣਤ ਖੋਜਾਂ ਕੀਤੀਆਂ। ਇਸ ਪ੍ਰਯੋਗਸ਼ਾਲਾ ਕੋਲ ਵੀਹ ਹਜ਼ਾਰ ਤੋਂ ਜਿਆਦਾ ਪੇਟੈਂਟ ਹਨ। ਇਹ ਪ੍ਰਯੋਗਸ਼ਾਲਾ ਪੰਜ ਨੋਬਲ ਪੁਰਸਕਾਰ ਵੀ ਜਿੱਤ ਚੁੱਕੀ ਹੈ। ਅੱਜ ਟੈਲੀਫੋਨ ਅਤੇ ਮੋਬਾਈਲ ਫੋਨ ਦੀ ਸਫਲਤਾ ਸਾਰਿਆਂ ਦੇ ਸਾਹਮਣੇ ਹੈ।





❑ ਸ਼ਾਮ ਸੁੰਦਰ ਗਰਗ

# ਕੀਮਤੀ ਦਾਣੇ



ਇਕ ਵਾਰ ਇਕ ਸਮਰਾਟ ਆਪਣੇ ਮੰਤਰੀਆਂ ਦੇ ਨਾਲ ਕਿਤੇ ਜਾ ਰਿਹਾ ਸੀ। ਉਹਨਾਂ ਦੇ ਅੱਗੇ ਅੱਗੇ ਇਕ ਕਿਸਾਨ ਬੈਲਗੱਡੀ ਉਤੇ ਚਾਵਲ ਦੀਆਂ ਬੋਰੀਆਂ ਰਖ ਕੇ ਆਪਣੇ ਘਰ ਜਾ ਰਿਹਾ ਸੀ। ਚਾਵਲ ਦੀ ਕਿਸੇ ਬੋਰੀ ਵਿਚ ਇਕ ਛੇਦ ਸੀ ਜਿਸ ਕਰਕੇ ਚਾਵਲ ਦੇ ਕੁਝ ਦਾਣੇ ਰਸਤੇ ਵਿਚ ਡਿੱਗਦੇ-ਡਿੱਗਦੇ ਜਾ ਰਹੇ ਸਨ। ਸਮਰਾਟ ਨੇ ਦਾਣੇ ਵੇਖ ਕੇ ਕਿਹਾ – ਰਥ ਰੋਕੋ। ਰਸਤੇ ਵਿਚ ਹੀਰੇ ਬਿਖਰੇ ਪਏ ਹਨ।'

ਮੰਤਰੀ ਨੇ ਚਾਰੇ ਪਾਸੇ ਵੇਖਿਆ ਅਤੇ ਕਿਹਾ – ਮਹਾਰਾਜ ਇਥੇ ਤਾਂ ਕਿਤੇ ਵੀ ਹੀਰੇ ਨਹੀਂ ਪਏ ਹਨ। ਤੁਹਾਨੂੰ ਵਹਿਮ ਹੋਇਆ ਹੈ। ਲੇਕਿਨ ਸਮਰਾਟ ਰਥ ਤੋਂ ਉਤਰੇ ਅਤੇ ਚਾਵਲ ਦੇ ਇਕ ਇਕ ਦਾਣੇ ਨੂੰ ਚੁਣ ਚੁਣ ਕੇ ਆਪਣੇ ਕੋਲ ਰੱਖਣ ਲਗ ਗਏ। ਮੰਤਰੀ ਬਹੁਤ ਹੈਰਾਨ ਹੋਇਆ – ਰਾਜਨ, ਸਾਡੇ ਅਨਾਜ ਦੇ ਭੰਡਾਰ ਭਰੇ ਹੋਏ ਹਨ। ਅਨਾਜ ਦੀ ਕੋਈ ਕਮੀ ਨਹੀਂ ਹੈ। ਤੁਸੀਂ ਇਸ ਤਰ੍ਹਾ ਕਿਉਂ ਕਰ ਰਹੇ ਹੋ?

ਸਮਰਾਟ ਕਹਿਣ ਲੱਗੇ – ਇਹ ਚਾਵਲ ਦੇ ਦਾਣੇ ਨਹੀਂ, ਹੀਰੇ ਦੇ ਕਣ ਹਨ। ਜੇਕਰ ਅਸੀਂ ਇਕ ਇਕ ਦਾਣੇ ਦਾ ਅਨਾਦਰ ਕਰਨ ਲਗ ਜਾਵਾਂਗੇ ਤਾਂ ਇਕ ਸਮਾਂ ਵੀ ਆ ਸਕਦਾ ਹੈ ਜਦ ਸਾਡੇ ਅਨਾਜ ਦੇ ਭੰਡਾਰ ਖਾਲੀ ਹੋ ਜਾਣ।

ਮੰਤਰੀ ਬੋਲਿਆ – ਰਾਜਨ ਲੇਕਿਨ ਇਕ ਇਕ ਦਾਣੇ ਨਾਲ ਕੋਈ ਫਰਕ ਨਹੀਂ ਪੈਣ ਲਗਾ। ਐਨੇ ਦਾਣੇ ਤਾਂ ਕਿਸਾਨ ਦੇ ਖੇਤ ਵਿਚ ਡਿਗ ਕੇ ਸੜ ਜਾਂਦੇ ਹਨ।

ਸਮਰਾਟ ਕਹਿਣ ਲਗੇ – ਇਹ ਚਾਵਲ ਦੇ ਦਾਣੇ ਨਹੀਂ , ਅੰਨਪੂਰਣਾ ਹੈ। ਅੰਨਪੂਰਣਾ ਨੂੰ ਇਸੇ ਤਰ੍ਹਾਂ ਪੈਰਾਂ ਤਲੇ ਕੁਚਲਿਆ ਗਿਆ ਤਾਂ ਅਸੀਂ ਇਕ ਦਿਨ ਅਨਾਜ ਲਈ ਤਰਸ ਜਾਵਾਂਗੇ।

ਜਿਸ ਤਰ੍ਹਾਂ ਇਕ-ਇਕ ਬੂੰਦ ਨਾਲ ਸਮੁੰਦਰ ਭਰਦਾ ਹੈ, ਉਸੀ ਤਰ੍ਹਾ ਇਕ ਇਕ ਦਾਣੇ ਦੀ ਸੰਭਾਲ ਨਾਲ ਹੀ ਸਾਡੇ ਅਨਾਜ ਦੇ ਭੰਡਾਰ ਭਰਦੇ ਹਨ। ਮੰਤਰੀ ਅਤੇ ਸਮਰਾਟ ਦੀ ਗੱਲਬਾਤ ਕਿਸਾਨ ਦੇ ਕੰਨਾਂ ਵਿਚ ਪਈ। ਉਹ ਆਪਣੀ ਬੈਲਗੱਡੀ ਰੋਕ ਕੇ ਸਮਰਾਟ ਦੇ ਕੋਲ ਆਇਆ ਅਤੇ ਕਹਿਣ ਲੱਗਾ – ਰਾਜਨ ! ਅਸੀਂ ਕਿਸਾਨ ਹਾਂ। ਸਾਡੀ ਪਹਿਚਾਨ ਅਨਾਜ ਨਾਲ ਹੁੰਦੀ ਹੈ। ਲੇਕਿਨ ਅਸੀਂ ਅਨਾਜ ਦੀ ਕੀਮਤ ਨਹੀਂ ਸਮਝਦੇ ਕਿਉਂਕਿ ਸਾਡੀ ਸੋਚ ਆਪਣੇ ਪਰਿਵਾਰ ਤਕ ਸੀਮਿਤ ਹੈ। ਲੇਕਿਨ ਤੁਸੀਂ ਜਨਤਾ ਦੀ ਭੁੱਖ ਮਿਟਾਉਂਦੇ ਹੋ ਉਹਨਾਂ ਦਾ ਦਰਦ ਸਮਝਦੇ ਹੋ। ਇਸ ਲਈ ਤੁਹਾਨੂੰ ਅਨਾਜ ਦੇ ਇਕ-ਇਕ ਦਾਣੇ ਦੀ ਕੀਮਤ ਪਤਾ ਹੈ।' ਇਹ ਕਹਿ ਕੇ ਕਿਸਾਨ ਨੇ ਸਮਰਾਟ ਤੋਂ ਮਾਫੀ ਮੰਗੀ। ■





❑ ਅਮਨਪ੍ਰੀਤ ਸਿੰਘ

# ਜੋ ਟਾਈਮ ਦੱਸਦੀ ਹੈ

ਟਿਕ-ਟਿਕ ਕਰਕੇ ਚੱਲਦੀ ਰਹਿੰਦੀ।
ਨਾ ਕਦੇ ਉਹ ਥੱਕਦੀ ਹੈ।
ਬੁੱਝੋ ਬੱਚਿਓ ਉਸ ਦਾ ਨਾਮ,
ਜੋ ਸਾਨੂੰ ਟਾਈਮ ਦੱਸਦੀ ਹੈ।

ਜਿਸ ਵਿੱਚ ਹੁੰਦੀਆਂ ਤਿੰਨ ਸੂਈਆਂ,
ਜੋ ਘੋੜੇ ਵਾਂਗੂ ਨੱਸਦੀਆਂ ਨੇ।
ਸੈਕਿੰਡਾਂ, ਮਿੰਟਾਂ ਅਤੇ ਘੰਟਿਆਂ,
ਬਾਰੇ ਸਾਨੂੰ ਦੱਸਦੀਆ ਨੇ।
ਜਦ ਕਿਸੇ ਨੂੰ ਕੋਈ ਕੰਮ ਪੈ ਜਾਵੇ,
ਉਹ ਆਪਣੇ ਵੱਲ ਨੂੰ ਖਿੱਚਦੀ ਹੈ।
ਬੁੱਝੋ ਬੱਚਿਓ ਉਸ ਦਾ ਨਾਮ
ਜੋ ਸਾਨੂੰ ਟਾਈਮ ਦੱਸਦੀ ਹੈ?

ਜਦੋਂ ਉਸ ਦਾ ਸੈਲ ਖਤਮ ਹੋ ਜਾਵੇ,
ਤਾਂ ਬਿਨਾਂ ਦੱਸੇ ਰੁੱਕ ਜਾਂਦੀ ਹੈ।
ਨਵਾਂ ਸੈਲ ਪੈਣ ਤੇ ਫਿਰ ਉਹ,
ਆਪਣੇ ਕੰਮ ਲੱਗ ਜਾਂਦੀ ਹੈ।
ਆਪਣੇ ਸਾਰੇ ਟਾਈਮ ਮਿਲਾ ਕੇ,
ਦਿਨ ਰਾਤ ਬਾਰੇ ਦੱਸਦੀ ਹੈ।
ਬੁੱਝੋ ਬੱਚਿਓ ਉਸ ਦਾ ਨਾਮ,
ਜੋ ਸਾਨੂੰ ਟਾਈਮ ਦੱਸਦੀ ਹੈ?

ਹਰ ਕੋਈ ਆਪਣਾ ਟਾਈਮ ਦੇਖਣ ਲਈ,
ਗੁੱਟ ਤੇ ਆਪਣੇ ਲਾਉਂਦਾ ਏ।
ਕੰਮ ਤੋਂ ਲੇਟ ਨਾ ਹੋ ਜਾਵਾਂ,
ਹਰ ਕੋਈ ਇਹੋ ਚਾਹੁੰਦਾ ਏ।
ਜੋ ਸਮੇਂ ਦੀ ਕਦਰ ਨਹੀਂ ਕਰਦੇ,
ਉਸ ਲਈ ਨਾ ਇਹ ਰੁੱਕਦੀ ਹੈ।
ਗੁੱਟ-ਘੜੀ ਹੈ ਉਸ ਦਾ ਨਾਮ
ਜੋ ਸਾਨੂੰ ਟਾਈਮ ਦੱਸਦੀ ਹੈ?



❑ ਭੁਪਿੰਦਰ ਸਿੰਘ ਆਸ਼ਟ

# ਅੰਬ

ਫਲ ਨੇ ਕੁਦਰਤ ਦਾ ਸ਼ਾਹਕਾਰ।
ਵੱਖਰਾ ਰੰਗ, ਰੂਪ ਅਤੇ ਆਕਾਰ।

ਅੰਬ ਐਨੀ ਵਧੀਆ ਹੈ ਸੌਗਾਤ।
ਸਭ ਫਲਾਂ ਨੂੰ ਦੇਵੇ ਮਾਤ।

ਕਿਸਮਾਂ ਅੰਬ ਦੀਆਂ ਬੇਸ਼ੁਮਾਰ।
ਪਰ ਹਰ ਵੰਨਗੀ ਜ਼ਾਇਕੇਦਾਰ।

ਜੇਕਰ ਹੋਵੇ ਹਾਜਮਾ ਖਰਾਬ।
ਫੇਰ ਕੁਝ ਦੂਰੀ ਰੱਖੋ ਜਨਾਬ।

ਅੰਬ ਸਿਹਤ ਲਈ ਹੈ ਗੁਣਕਾਰੀ।
ਖੁਸ਼ੀ ਨਾਲ ਖਾਏ ਖਲਕਤ ਸਾਰੀ।

# ਕਦੇ ਨਾ ਭੁੱਲੋ

- ਬਾਬਾ ਜੀ (ਬਾਬਾ ਹਰਦੇਵ ਸਿੰਘ ਜੀ ਮਹਾਰਾਜ) ਦੀਆਂ ਸਿਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਨਾਉਣਾ ਹੈ।
- ਇਸ ਮਿਸ਼ਨ ਨੂੰ ਇਸ ਉਚਾਈ ਤਕ ਪਹੁੰਚਾਉਣ ਦਾ ਯਤਨ ਕਰਨਾ ਹੈ, ਜਿਥੇ ਬਾਬਾ ਜੀ ਇਸ ਮਿਸ਼ਨ ਨੂੰ ਪਹੁੰਚਾਉਣਾ ਚਾਹੁੰਦੇ ਸਨ।
- ਸਭ ਮਿਲਜੁਲ ਕੇ ਮਿਸ਼ਨ ਦੇ ਵਿਕਾਸ ਵਿਚ ਯੋਗਦਾਨ ਦੇਣ।
- ਹਰ ਇਕ ਮਹਾਪੁਰਸ਼ ਨੇ ਖੁਦ ਇਸ ਮਿਸ਼ਨ ਦਾ ਰੋਸ਼ਨਮੀਨਾਰ ਬਣਨਾ ਹੈ। ਰੋਸ਼ਨਮੀਨਾਰ ਬਣਨ ਦੇ ਲਈ ਕਿਸੇ ਵੀ ਅਹੁਦੇ ਦੀ ਜ਼ਰੂਰਤ ਨਹੀਂ ਹੈ।
- ਸ਼ਹਿਨਸ਼ਾਹ ਜੀ ਵਾਲਾ 'ਸਤਿਬਚਨ' ਯੁਗ ਸਹਿਯੋਗ ਦੀ ਭਾਵਨਾ ਨਾਲ ਹੀ ਆ ਸਕਦਾ ਹੈ।

(ਸਤਿਗੁਰ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ)

- ਮਨ ਦੀ ਸੁੰਦਰਤਾ ਨਾਲ ਹੀ ਸਭ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ।
- ਆਤਮਾ ਦੀ ਆਜ਼ਾਦੀ ਨਿਰੰਕਾਰ ਪ੍ਰਭੂ ਦੇ ਨਾਲ ਜੁੜ ਕੇ ਹੀ ਸੰਭਵ ਹੈ।
- ਰੱਬ ਨੇ ਸਾਨੂੰ ਖੂਬਸੂਰਤ ਧਰਤੀ ਦਿੱਤੀ ਹੈ ਹੁਣ ਸਾਡਾ ਫਰਜ਼ ਹੈ ਇਸ ਖੂਬਸੂਰਤੀ ਨੂੰ ਬਰਕਰਾਰ ਰਖੀਏ।
- ਸੇਵਾ ਸਿਰਫ ਸੇਵਾ ਭਾਵਨਾ ਨਾਲ ਹੀ ਹੁੰਦੀ ਹੈ।

(ਬਾਬਾ ਹਰਦੇਵ ਸਿੰਘ ਜੀ ਮਹਾਰਾਜ)

- ਸਾਦਗੀ ਅਤੇ ਮਿਹਨਤ ਹੀ ਬੱਚਿਆਂ ਨੂੰ ਗੁਣਵਾਨ, ਚਰਿੱਤਰਵਾਨ ਅਤੇ ਸਿਹਤਮੰਦ ਬਣਾਉਂਦੀ ਹੈ।
- ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਦਗੁਣ ਅਪਨਾਉਣ, ਉਹਨਾਂ ਦਾ ਚਰਿੱਤਰ ਚੰਗਾ ਹੋਵੇ ਤਾਂ ਇਹ ਕੰਮ ਸਾਨੂੰ ਪਹਿਲਾਂ ਆਪ ਕਰਨੇ ਚਾਹੀਦੇ ਹਨ।
- ਬੱਚਿਆਂ ਦਾ ਧਿਆਨ ਰੋਜ਼ ਵੱਧ ਰਹੇ ਫੈਸ਼ਨ ਅਤੇ ਵਿਖਾਵੇ ਤੋਂ ਹਟਾ ਕੇ ਉਹਨਾਂ ਨੂੰ ਮਿਹਨਤ ਨਾਲ ਜੀਵਨ ਜੀਣ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ ਕਿਉਂਕਿ ਆਉਣ ਵਾਲੇ ਸਮੇਂ ਵਿਚ ਪਤਾ ਨਹੀਂ ਉਹਨਾਂ ਨੂੰ ਕਿਹੜੀ-ਕਿਹੜੀ ਜ਼ਿੰਮੇਵਾਰੀ ਨਿਭਾਉਣੀ ਪੈ ਜਾਵੇ। ਜੇਕਰ ਬੱਚੇ ਨਾਜ਼ੁਕ ਮਿਜਾਜ਼ ਬਣ ਜਾਣਗੇ ਤਾਂ ਆਉਣ ਵਾਲੀਆਂ ਮੁਸ਼ਕਿਲਾਂ ਦਾ ਸਾਮ੍ਹਣਾ ਨਹੀਂ ਕਰ ਸਕਣਗੇ।
- ਬਚਪਨ ਤੋਂ ਹੀ ਬੱਚਿਆਂ ਨੂੰ ਸੇਵਾ, ਸਿਮਰਨ ਅਤੇ ਸਤਿਸੰਗ ਨਾਲ ਜੋੜਨ ਦਾ ਅਰਥ ਹੈ - ਉਹਨਾਂ ਨੂੰ ਨੇਕ, ਪਾਵਨ ਅਤੇ ਚੰਗੇ ਨਾਗਰਿਕ ਬਣਾਉਣਾ। ਘਰ ਵਿਚ ਆਏ ਸੰਤ ਮਹਾਤਮਾ ਦੀ ਸੇਵਾ ਕਰਦੇ ਸਮੇਂ ਆਪਣੇ ਬੱਚਿਆਂ ਨੂੰ ਅੱਗੇ ਕਰੋ ਉਹਨਾਂ ਦੇ ਹੱਥਾਂ ਦੁਆਰਾ ਸੇਵਾ ਸਤਿਕਾਰ ਕਰਵਾਉਣ ਅਤੇ ਚਰਨਾਮ੍ਰਿਤ ਬਨਵਾਉਣ ਨਾਲ ਉਹ ਭਗਤੀ ਦੇ ਗੁਣ ਆਪੇ ਹੀ ਸਿੱਖ ਜਾਂਦੇ ਹਨ।

(ਬਾਬਾ ਗੁਰਬਚਨ ਸਿੰਘ ਜੀ ਮਹਾਰਾਜ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ



❑ ਡਾ. ਬਾਨੋ ਸਰਤਾਜ

# ਪੈਰ ਦਾ ਦਰਦ

**ਬਦਲੂ** ਬਾਂਦਰ ਸ਼ਹਿਰ ਤੋਂ ਡਾਕਟਰੀ ਪੜ੍ਹ ਕੇ ਆਇਆ ਅਤੇ ਚੰਪਕਵਨ ਵਿਚ ਕਲੀਨਿਕ ਖੋਲ੍ਹ ਲਿਆ। ਅੰਬ ਦੇ ਇਕ ਘਣੇ ਰੁੱਖ ਦੇ ਥੱਲੇ ਇਕ ਸ਼ੈਡ ਬਣਾਇਆ ਗਿਆ। ਪਿਛਲੇ ਹਿੱਸੇ ਵਿਚ ਬਾਬੂ ਕੰਪਾਊਡਰ ਦੀ ਦੇਖ-ਰੇਖ ਵਿਚ ਇਕ ਖਰਗੋਸ਼ਨੀ ਅਤੇ ਇਕ ਹਿਰਨੀ ਦਵਾਈਆਂ ਕੁੱਟਦੀਆਂ ਸਨ। ਸਾਹਮਣੇ ਚੈਕਿੰਗ ਦਾ ਕਮਰਾ ਸੀ। ਵਿਚਕਾਰ ਡਾ. ਟੇਬਲ ਕੁਰਸੀ ਲਗਾ ਕੇ ਬੈਠਦੇ ਸਨ।

ਜਲਦੀ ਹੀ ਕਲੀਨਿਕ ਖੁੱਲਣ ਦੀ ਖਬਰ ਜੰਗਲ ਵਿਚ ਫੈਲ ਗਈ। ਰੋਗੀ ਆਉਣ ਲੱਗੇ। ਪਹਿਲੇ ਹੀ ਦਿਨ ਇਕ ਕੰਨਖਜੂਰਾ ਸਭ ਤੋਂ ਪਹਿਲਾਂ ਪਹੁੰਚਿਆ ਬਦਲੂ ਬਾਂਦਰ 'ਮੈਟੇਰਿਆ ਮੇਡਿਕਾ' ਕਿਤਾਬ ਵਿਚ ਨਜ਼ਰਾਂ ਗੜਾਈ ਬੈਠੇ ਸਨ। ਰੋਗੀ ਵਲ ਬਿਨਾ ਵੇਖੇ ਬੋਲੇ, ਟੇਬਲ ਉਤੇ ਲੇਟ ਜਾਉ।''

ਕੰਨਖਜੂਰਾ ਟੇਬਲ ਦੇ ਇਕ ਪੈਰ ਤੋਂ ਉਪਰ ਚੜ੍ਹਨ ਲੱਗਾ ਤਾਂ ਬਾਬੂ ਕੰਪਾਊਡਰ ਖਿੱਝ ਕੇ ਕਹਿਣ ਲੱਗਾ – ਇਸ ਤਰ੍ਹਾਂ ਚੜ੍ਹਨ ਵਿਚ ਇਕ ਸਾਲ ਲਗ ਜਾਵੇਗਾ। ਆ ਇਸ ਕਾਗਜ਼ ਉਤੇ ਆ ਜਾ।

ਕਾਗਜ਼ ਉਤੇ ਬਿਠਾ ਕੇ ਬਾਬੂ ਨੇ ਕੰਨਖਜੂਰੇ ਨੂੰ ਟੇਬਲ ਉਤੇ ਰਖ ਦਿਤਾ। ਡਾ. ਬਦਲੂ ਉਠੱ ਕੇ ਆਏ।

ਪੁੱਛਿਆ – ਕੀ ਤਕਲੀਫ ਹੈ?

ਕੰਨਖਜੂਰੇ ਨੇ ਕਿਹਾ – ਪੈਰ ਵਿਚ ਦਰਦ ਹੈ।

ਕਿਹੜੇ ਪੈਰ ਵਿਚ?

ਕਿਹੜੇ ਪੈਰ ਵਿਚ ਦਰਦ ਹੈ? ਮੇਰੀ ਸਮਝ ਵਿਚ ਨਹੀ ਆ ਰਿਹਾ ਹੈ। ਕੰਨਖਜੂਰੇ ਨੇ ਕਿਹਾ।

ਮੈਂ ਦੇਖਦਾ ਹਾਂ ... ਖੱਬੇ ਪਾਸੇ ਦਰਦ ਹੈ ਜਾਂ ਸੱਜੇ ਪਾਸੇ?


ਸ਼..ਸ਼.. ਸ਼ਾਇਦ ਸੱਜੇ ਪਾਸੇ ਦੇ ਪੈਰ ਵਿਚ ਹੈ।

ਡਾ. ਬਦਲੂ ਨੇ ਨਰਮੀ ਨਾਲ ਕਿਹਾ – ਅੱਛਾ ਤਾਂ ਫਿਰ ਇਕ ਇਕ ਪੈਰ ਹਿਲਾਉ ਅਤੇ ਦੱਸੋ ਕਿ ਦਰਦ ਵਾਲਾ ਪੈਰ ਕਿਹੜਾ ਹੈ?''

ਕੰਨਖਜੂਰਾ ਬੋਲਿਆ – ਮੈ ਕੋਸ਼ਿਸ਼ ਕਰ ਚੁਕਾ ਹਾਂ। ਨਹੀ ਪਤਾ ਲੱਗਾ ਕਿ ਕਿਹੜੇ ਪੈਰ ਵਿਚ ਦਰਦ ਹੈ, ਤੁਸੀ ਤਾਂ ਡਾਕਟਰ ਹੋ, ਤੁਸੀਂ ਪਤਾ ਲਗਾ ਕੇ ਇਲਾਜ ਕਰ ਲਉ।

ਕੀ ਕਿਹਾ ? ਡਾ. ਬਦਲੂ ਅੱਖਾਂ ਕੱਢ ਕੇ ਬੋਲੇ – 555 ਪੈਰ ਨੇ ਤੇਰੇ। ਇਕ ਇਕ ਪੈਰ ਹਿਲਾ ਕੇ ਚੈਕ ਕਰਾਂਗਾ ਤਾਂ ਬਾਕੀ ਰੋਗੀਆਂ ਨੂੰ ਕਦੋਂ ਵੇਖਾਂਗਾ?

555 ਪੈਰ ਤਾਂ ਨਹੀ ਹਨ ਬਸ 266 ਹੀ ਹਨ' ਕੰਨਖਜੂਰਾ ਬੁਰਾ ਮੰਨਦੇ ਹੋਏ ਕਹਿਣ ਲੱਗਾ।



ਸਿਰਫ 266 ਹਨ? ਡਾ. ਬਦਲੂ ਗੁੱਸੇ ਨਾਲ ਬੋਲਿਆ।- ਚਲ ਫਿਰ ਵੀ ਇਕ ਵਾਰ ਮੈਂ ਚੈਕ ਕਰਦਾ ਹਾਂ।

ਡਾ. ਨੇ ਕੰਨਖਜ਼ੂਰੇ ਦੇ ਸੱਜੇ ਵਾਲੇ ਪਾਸੇ ਪੈਰਾਂ ਉੱਤੇ ਹੱਥ ਫੇਰਿਆ, ਕੰਨਖਜ਼ੂਰਾ ਅਰਾਮ ਨਾਲ ਲੇਟਿਆ ਰਿਹਾ। ਡਾ . ਨੇ ਕਿਹਾ – ਇਹਨਾਂ ਵਿਚ ਤਾਂ ਦਰਦ ਨਹੀਂ ਹੈ।

ਫਿਰ ਖੱਬੇ ਪਾਸੇ ਵਾਲੇ ਪੈਰਾਂ ਵਿਚ ਦਰਦ ਹੋਵੇਗਾ। ਕੰਨਖਜ਼ੂਰੇ ਨੇ ਕਿਹਾ।

ਡਾ. ਨੂੰ ਗੁੱਸਾ ਤਾਂ ਬਹੁਤ ਆਇਆ ਫਿਰ ਵੀ ਖੱਬੇ ਪਾਸੇ ਵਾਲੇ ਪੈਰਾਂ ਨੂੰ ਚੈਕ ਕਰ ਲਿਆ। ਤਾਂ ਵੀ ਦਰਦ ਵਾਲੇ ਪੈਰ ਦਾ ਪਤਾ ਨਹੀਂ ਲਗਿਆ।

ਡਾ.ਬਦਲੂ ਨੇ ਬਾਬੂ ਕੰਪਾਊਡਰ ਨੂੰ ਕਿਹਾ – ਇਸ ਨੂੰ ਪੌਣੇ ਸੱਤ ਨੰਬਰ ਦੀ ਦਵਾਈ ਦੇ ਦਿਉ। ਫਿਰ ਕੰਨਖਜ਼ੂਰੇ ਨੂੰ ਕਿਹਾ – ਇਸ ਨੂੰ ਸੌਂਦੇ ਸਮੇਂ ਖਾ ਲੈਣਾ।

ਪਰ ਡਾਕਟਰ ਸਾਹਿਬ ! ਇਕ ਗੱਲ ਦੱਸੋ ਕਿ ਜਦ ਤੁਹਾਨੂੰ ਵੀ ਨਹੀਂ ਪਤਾ ਕਿਹੜੇ ਪੈਰ ਵਿਚ ਦਰਦ ਹੈ ਮੈਨੂੰ ਵੀ ਨਹੀਂ ਪਤਾ ਤਾਂ ਦਵਾਈ ਨੂੰ ਕਿਵੇਂ ਪਤਾ ਲਗੇਗਾ ਕਿ ਕਿਸ ਪੈਰ ਨੂੰ ਠੀਕ ਕਰਨਾ ਹੈ।

ਡਾ. ਬਦਲੂ ਹੋਰ ਗੁੱਸੇ ਵਿਚ ਆ ਗਿਆ ਅਤੇ ਕਹਿਣ ਲਗਾ – ਬਸ ਹੁਣ ਜਾ, ਕੱਲ ਇਸੇ ਸਮੇਂ ਆ ਜਾਣਾ। 24 ਘੰਟੇ ਹਨ ਤੇਰੇ ਕੋਲ। ਪਤਾ ਕਰਕੇ ਆਈਂ ਕਿ ਕਿਹੜੇ ਪੈਰ ਵਿਚ ਦਰਦ ਹੈ।

ਦੂਜੇ ਦਿਨ ਕੰਨਖਜ਼ੂਰਾ ਸਮੇਂ ਤੇ ਆ ਗਿਆ ਅਤੇ ਟੇਬਲ ਉੱਤੇ ਚੜ ਕੇ ਬੈਠ ਗਿਆ। ਡਾ. ਬਦਲੂ ਦੇ ਆਉਂਦੇ ਹੀ ਕਹਿਣ ਲੱਗਾ – ਡਾ. ਸਾਹਿਬ ਇਕ ਗੱਲ ਤਾਂ ਪੱਕੀ ਹੋ ਗਈ।

ਕਿਹੜੀ ਗੱਲ?

ਇਹੀ ਕਿ ਦਰਦ ਸੱਜੇ ਪਾਸੇ ਵਾਲੇ ਪੈਰਾਂ ਵਿਚੋ ਕਿਸੇ ਇਕ ਪੈਰ ਵਿਚ ਹੈ।

ਪੈਰ ਦਾ ਨੰਬਰ ਦੱਸੋ। ਮੈਂ ਵੇਖ ਕੇ ਦਵਾਈ ਦਿੰਦਾ ਹਾਂ। – ਡਾ.ਬਦਲੂ ਨੇ ਚੈਨ ਦਾ ਸਾਹ ਲਿਆ।

ਨੰਬਰ ਤਾਂ ਨਹੀਂ ਪਤਾ ਲਗ ਸਕਿਆ – ਕੰਨਖਜ਼ੂਰੇ ਨੇ ਸਾਦਗੀ ਨਾਲ ਕਿਹਾ।

ਡਾ. ਬਦਲੂ ਨੇ ਉਸ ਨਾਲ ਸਿਰ ਨਹੀਂ ਖਪਾਇਆ ਬਲਕਿ ਉਸ ਦੀ ਜਗ੍ਹਾ ਪੌਣੇ ਅੱਠ ਨੰਬਰ ਦੀ ਦਵਾਈ ਦੇਣ ਨੂੰ ਕਹਿ ਦਿੱਤਾ।

ਤੀਜੇ ਦਿਨ ਕੰਨਖਜ਼ੂਰਾ ਆਇਆ ਤਾਂ ਉਸ ਨੂੰ ਵੇਖ ਕੇ ਡਾ. ਬਦਲੂ ਨੂੰ ਹੋਰ ਗੁੱਸਾ ਆ ਗਿਆ। ਕੰਨਖਜ਼ੂਰਾ ਡਰ ਗਿਆ ਅਤੇ ਕਿਹਾ – ਡਾ. ਸਾਹਿਬ ਪੈਰ ਵਿਚ ਦਰਦ ਹੈ ਜੇ ਦਰਦ ਨਾ ਹੋਵੇ ਤਾਂ ਕੋਈ ਕਲੀਨਿਕ ਕਿਉਂ ਆਵੇ?

ਡਾ. ਬਦਲੂ ਨਰਮ ਪੈ ਗਏ ਅਤੇ ਕਹਿਣ ਲਗੇ – ਤੁਹਾਡੇ ਬਹੁਤ ਸਾਰੇ ਪੈਰ ਹਨ, ਜੇਕਰ ਇਕ ਵਿਚ ਦਰਦ

ਵੀ ਹੋਵੇ ਤਾਂ ਚਲਣ ਵਿਚ ਕੋਈ ਫਰਕ ਤਾਂ ਨਹੀਂ ਪੈਣਾ ਚਾਹੀਦਾ।

ਮੈਂ ਕਦੋਂ ਕਿਹਾ ਕਿ ਚਲਣ ਵਿਚ ਮੁਸ਼ਕਿਲ ਹੁੰਦੀ ਹੈ – ਕੰਨਖਜੂਰਾ ਹੈਰਾਨੀ ਨਾਲ ਕਹਿਣ ਲੱਗਾ। ਚਲਣ ਨਾਲ ਤਾਂ ਅਹਿਸਾਸ ਹੀ ਨਹੀਂ ਹੁੰਦਾ ਕਿ ਪੈਰ ਵਿਚ ਦਰਦ ਹੈ।

ਤਾਂ ਮੇਰਾ ਦਿਮਾਗ ਕਿਉਂ ਖਾਂਦੇ ਹੋ? ਜੇ ਦਰਦ ਨਹੀਂ ਹੁੰਦਾ ਤਾਂ?

ਦਰਦ ਹੁੰਦਾ ਹੈ ਪੈਰ ਵਿਚ ! ਕੰਨਖਜੂਰਾ ਸਹਿਮ ਗਿਆ। ਰੁਕ ਰੁਕ ਕੇ ਬੋਲਿਆ।

ਜਦ ਤੁਰਦਾ ਨਹੀਂ ਹਾਂ ਖਾਲੀ ਬੈਠਾ ਰਹਿੰਦਾ ਹਾਂ ਤਾਂ ਇਕ ਪੈਰ ਟਿਸ-ਟਿਸ ਕਰਦਾ ਹੈ।

ਡਾ. ਬਦਲੂ ਨੇ ਕਿਸੀ ਤਰ੍ਹਾਂ ਆਪਣੇ ਗੁਸੇ ਉਤੇ ਕੰਟਰੋਲ ਕੀਤਾ ਅਤੇ ਨਾਲ ਪਏ ਟੇਬਲ ਉਤੇ ਬੈਠ ਗਏ। ਬਾਬੂ ਕੰਪਾਊਡਰ ਨੇ ਕਾਗਜ਼ ਲੈ ਕੇ ਕੰਨਖਜੂਰੇ ਨੂੰ ਟੇਬਲ ਤੋਂ ਉਤਾਰਿਆ ਅਤੇ ਗੇਟ ਦੇ ਕੋਲ ਰਖ ਕੇ ਕਹਿਣ ਲੱਗਾ – ਤਾਂ ਖਾਲੀ ਰਹਿੰਦੇ ਹੀ ਕਿਉਂ ਹੋ? ਚਲਦੇ ਫਿਰਦੇ ਰਿਹਾ ਕਰੋ। ਇਹ ਦਵਾਈ ਲਉ ਤੇ ਜਾਉ।

ਅਗਲੇ ਦਿਨ ਕਲੀਨਿਕ ਖੁੱਲਣ ਤੋਂ ਪਹਿਲਾਂ ਕੰਨਖਜੂਰਾ ਮੌਜੂਦ ਸੀ। ਬਾਬੂ ਨੇ ਉਸ ਵਲ ਧਿਆਨ ਨਹੀਂ ਦਿੱਤਾ ਅਤੇ ਸਾਫ-ਸਫਾਈ ਵਿਚ ਲਗ ਗਿਆ। ਉਸ ਨੂੰ ਪਤਾ ਹੀ ਨਹੀਂ ਲਗਿਆ ਕਿ ਉਹ ਅੰਦਰ ਕਦੋਂ ਆ ਗਿਆ।

ਡਾ. ਬਦਲੂ ਦੇ ਸਕੂਟਰ ਦੀ ਆਵਾਜ਼ ਆਈ ਤਾਂ ਬਾਬੂ ਕੰਪਾਊਡਰ ਨੇ ਅੱਗੇ ਵੱਧ ਕੇ ਉਹਨਾਂ ਦਾ ਬੈਗ ਲੈ ਲਿਆ ਅਤੇ ਉਹਨਾਂ ਨਾਲ ਜਾਂਚ ਵਾਲੇ ਕਮਰੇ ਵਿਚ ਚਲਾ ਗਿਆ ਅਤੇ ਕਿਹਾ – ਉਹ ਕੰਨਖਜੂਰਾ ਫਿਰ ਆਇਆ ਹੈ। ਲਗਦਾ ਹੈ ਚਾਹ ਪੀਣ ਗਿਆ ਹੈ।

ਡਾ. ਬਦਲੂ ਕੋਲ ਕੰਨਖਜੂਰਾ ਆਇਆ।

ਡਾ.ਸਾਹਿਬ ਦਵਾਈ ਨਾਲ ਮੈਨੂੰ ਕੁਝ ਵੀ ਆਰਾਮ ਨਹੀਂ ਆਇਆ। ਪੈਰ ਅਜੇ ਵੀ ਦਰਦ ਹੋ ਰਿਹਾ ਹੈ। ਜ਼ਰਾ ਵੀ ਫਾਇਦਾ ਨਹੀਂ ਹੋਇਆ – ਡਾ.ਬਦਲੂ ਨੂੰ ਦੇਖਦੇ ਹੀ ਕੰਨਖਜੂਰਾ ਸ਼ੁਰੂ ਹੋ ਗਿਆ।


ਡਾ. ਨੇ ਕਿਹਾ – ਫਾਇਦਾ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਜਿਸ ਨੂੰ ਵੀ ਇਹ ਦਵਾਈ ਦਿੱਤੀ ਹੈ ਸਭ ਨੂੰ ਫਾਇਦਾ ਹੋਇਆ ਹੈ।

ਕੰਨਖਜੂਰੇ ਨੇ ਪੁੱਛਿਆ – ਉਹਨਾਂ ਸਭ ਦੇ ਪੈਰਾਂ ਵਿਚ ਦਰਦ ਸੀ?

ਡਾ. ਬਦਲੂ ਨੇ ਘੂਰ ਕੇ ਉਸ ਨੂੰ ਵੇਖਿਆ ਅਤੇ ਕੁਝ ਕਹਿਣਾ ਹੀ ਚਾਹੁੰਦੇ ਸਨ ਕਿ ਕੰਨਖਜੂਰੇ ਨੇ ਜਲਦੀ ਨਾਲ ਕਿਹਾ – ਇਸ ਤਰ੍ਹਾਂ ਕਰੋ ਡਾ ਸਾਹਿਬ ਮੇਰੇ ਜਿੰਨੇ ਵੀ ਪੈਰ ਹਨ ਉਨੇ ਦਿਨ ਦੀ ਮੈਨੂੰ ਇਕ ਇਕ ਡੋਜ਼ ਦੇ ਦਿਉ। ਸ਼ਾਇਦ ਕਿਸੇ ਦਿਨ ਦਵਾਈ ਸਹੀ ਪੈਰ ਵਿਚ ਲੱਗ ਜਾਵੇ। ਫੀਸ ਦੀ ਤੁਸੀ ਚਿੰਤਾ ਨਾ ਕਰੋ।

ਡਾਕਟਰ ਮੈਂ ਹਾਂ ਜਾਂ ਤੂੰ? ਤੇਰੇ ਕਹਿਣ ਨਾਲ ਤੈਨੂੰ ਮੈਂ 266 ਦਿਨ ਦੀ ਦਵਾਈ ਦੇ ਦਿਆਂ ...ਕਦੇ ਵੀ ਨਹੀਂ !

ਪਿਆਰੇ ਬੱਚਿਉ ! ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਕਦੇ ਵੀ ਡਾਕਟਰ ਨੂੰ ਆਪਣੀ ਸਲਾਹ ਨਹੀਂ ਦੇਣੀ ਚਾਹੀਦੀ। ਡਾਕਟਰ ਦੇ ਕਹਿਣ ਅਨੁਸਾਰ ਹੀ ਦਵਾਈ ਖਾਉ।





# ਦਾਦਾ ਜੀ


ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ








ਕੁਝ ਦਿਨਾਂ ਬਾਅਦ ਉਹ ਚਿੜਾ ਦਾਣਾ ਪਾਣੀ ਖਾ ਪੀ ਕੇ ਮੋਟਾ ਤਾਜ਼ਾ ਹੋ ਕੇ ਆਪਣੇ ਆਲ੍ਹਣੇ ਉਤੇ ਵਾਪਸ ਆ ਗਿਆ। ਉਸ ਨੇ ਵੇਖਿਆ ਕਿ ਖਰਗੋਸ਼ ਆਲ੍ਹਣੇ ਵਿਚ ਅਰਾਮ ਨਾਲ ਬੈਠਾ ਹੋਇਆ ਹੈ।ਉਸ ਨੂੰ ਬਹੁਤ ਗੁੱਸਾ ਆਇਆ। ਉਸ ਨੇ ਖਰਗੋਸ਼ ਨੂੰ ਕਿਹਾ - ਬਦਮਾਸ਼ ! ਮੈਂ ਨਹੀਂ ਸੀ ਤਾਂ ਤੂੰ ਮੇਰੇ ਘਰ ਵਿਚ ਵੜ ਗਿਆ?
ਇਹ ਮੇਰਾ ਘਰ ਹੈ, ਤੂੰ ਨਿਕਲ ਜਾ ਇਥੋਂ !
ਖਰਗੋਸ਼ ਨੇ ਕਿਹਾ - ਕਿਹੜਾ ਤੇਰਾ ਘਰ? ਹੁਣ ਇਹ ਘਰ ਮੇਰਾ ਹੈ। ਖੂਹ, ਤਲਾਅ, ਰੁੱਖ ਕੋਈ ਇਕ ਵਾਰ ਛੱਡ ਕੇ ਜਾਂਦਾ ਹੈ ਤਾਂ ਉਹ ਉਥੋਂ ਆਪਣਾ ਹੱਕ ਵੀ ਗੁਆ ਦਿੰਦਾ ਹੈ।
ਖਰਗੋਸ਼ ਦੀ ਗੱਲ ਸੁਣ ਕੇ ਚਿੜਾ ਕਹਿਣ ਲੱਗਾ - ਇਸ ਤਰ੍ਹਾਂ ਬਹਿਸ ਕਰ ਕੇ ਕੁਝ ਨਹੀਂ ਮਿਲਣਾ, ਚਲੋ ਕਿਸੇ ਸਮਝਦਾਰ ਕੋਲ ਚਲਦੇ ਹਾਂ। ਉਹ ਜਿਸ ਦੇ ਹੱਕ ਵਿਚ ਫੈਸਲਾ ਸੁਣਾਏਗਾ ਉਸ ਨੂੰ ਇਹ ਘਰ ਮਿਲ ਜਾਏਗਾ।



ਉਹਨਾਂ ਨੂੰ ਥੋੜੀ ਦੂਰ ਇਕ ਬਿੱਲਾ ਕਿਤਾਬ ਪੜ੍ਹਦਾ ਨਜ਼ਰ ਆਇਆ। ਚਿੜੇ ਅਤੇ ਖਰਗੋਸ਼ ਨੂੰ ਉਹ ਸਮਝਦਾਰ ਲਗਿਆ।
ਚਿੜਾ ਅਤੇ ਖਰਗੋਸ਼ ਉਸ ਬਿੱਲੇ ਦੇ ਕੋਲ ਗਏ ਅਤੇ ਉਹਨਾਂ ਨੂੰ ਆਪਣੀ ਸਮੱਸਿਆ ਦੱਸੀ। ਉਹ ਬੋਲਿਆ - ਜੋ ਵੀ ਸਹੀ ਹੋਵੇ ਉਸ ਨੂੰ ਆਲ੍ਹਣਾ ਮਿਲ ਜਾਵੇ ਅਤੇ ਜੋ ਵੀ ਝੂਠਾ ਹੋਵੇ ਉਸ ਨੂੰ ਆਪ ਉਹ ਛੱਡ ਕੇ ਜਾਣ ਨੂੰ ਕਹੋ।
ਖਰਗੋਸ਼ ਅਤੇ ਚਿੜੇ ਨੂੰ ਵੇਖ ਕੇ ਬਿੱਲੇ ਦੇ ਮੂੰਹ ਵਿਚ ਪਾਣੀ ਆ ਗਿਆ। ਉਸ ਨੂੰ ਭੁੱਖ ਵੀ ਲੱਗੀ ਸੀ। ਉਸ ਨੇ ਸੋਚਿਆ - ਦੋਵੇ ਮੋਟੇ ਤਾਜ਼ੇ ਹਨ। ਕਈ ਦਿਨਾਂ ਤਕ ਭੋਜਨ ਦੀ ਤਲਾਸ਼ ਵਿਚ ਭਟਕਨਾ ਨਹੀਂ ਪਏਗਾ।


ਬਿੱਲਾ ਬੋਲਿਆ – ਮੈਂ ਤੁਹਾਡਾ ਫੈਸਲਾ ਕਰਨ ਨੂੰ ਤਿਆਰ ਹਾਂ। ਪਰ ਮੈ ਤੁਹਾਡੇ ਕੰਨ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਮੇਰੇ ਕੋਲ ਆਉ।
ਦੋਹਾਂ ਦੇ ਕੋਲ ਆਉਂਦੇ ਹੀ ਬਿੱਲੇ ਨੇ ਝੱਟ ਨਾਲ ਖਰਗੋਸ਼ ਨੂੰ ਪੰਜੇ ਵਿਚ ਫੜਿਆ ਅਤੇ ਚਿੜੇ ਨੂੰ ਮੂੰਹ ਵਿਚ ਦਬੋਚ ਲਿਆ।
ਬਿੱਲੇ ਨੇ ਦੋਹਾਂ ਦਾ ਕੰਮ ਤਮਾਮ ਕਰ ਦਿੱਤਾ। ਦੋਹਾਂ ਨੇ ਆਪਣੀ ਮੂਰਖਤਾ ਨਾਲ ਆਪਣੀ ਜਾਨ ਗਵਾ ਲਈ। ਉਹਨਾਂ ਨੇ ਸੁਪਨੇ ਵਿਚ ਨਹੀਂ ਸੋਚਿਆ ਸੀ ਕਿ ਦੁਸ਼ਮਣ ਤੇ ਇਕ ਦਮ ਵਿਸ਼ਵਾਸ ਕਰਨਾ ਕਿੰਨਾ ਖਤਰਨਾਕ ਹੋ ਸਕਦਾ ਹੈ।
ਸਿਖਿਆ – ਦੋ ਦੀ ਲੜਾਈ ਵਿਚ ਤੀਜਾ ਫਾਇਦਾ ਉਠਾ ਜਾਂਦਾ ਹੈ। ਸਾਨੂੰ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ ਕਿ ਬਲਵਾਨ ਅਤੇ ਚਲਾਕ ਦੁਸ਼ਮਣ ਤੋਂ ਹਮੇਸ਼ਾ ਦੂਰ ਰਹਿਣਾ ਚਾਹੀਦਾ ਹੈ।

# ਬੁੱਧੀ ਦੀ ਪਰਖ

ਅੰਤਰ ਪਛਾਣੋਂ - - -





kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !



| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011--47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101
Ph. 0342-2657219

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)